ਤਲਵੰਡੀ ਸਾਬੋ, 05 ਮਾਰਚ (ਗੁਰਜੰਟ ਸਿੰਘ ਨਥੇਹਾ)- ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਅੱਜ ਵਿਧਾਨ ਸਭਾ 'ਚ ਪੇਸ਼ ਕੀਤਾ ਗਿਆ ਬਜਟ ਖੋਖਲਾ ਅਤੇ ਪੂਰੀ ਤਰ੍ਹਾਂ ਦਿਸ਼ਾਹੀਨ ਹੈ। ਬਜਟ 'ਚ ਜਿੱਥੇ ਸੂਬੇ ਦੇ ਕਿਸੇ ਵੀ ਵਰਗ ਨੂੰ ਕੋਈ ਰਿਆਇਤ ਨਹੀ ਦਿੱਤੀ ਗਈ ਉੱਥੇ ਪਿਛਲੇ ਦੋ ਸਾਲਾਂ 'ਚ ਸਰਕਾਰ ਵੱਲੋਂ ਚੁੱਕੇ ਭਾਰੀ ਕਰਜ਼ ਨੇ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਦੇ 'ਆਪ' ਦੇ ਦਾਅਵਿਆਂ ਦੀ ਪੋਲ ਖੋਲ ਕੇ ਰੱਖ ਦਿੱਤੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਦੇ ਸੀਨੀਅਰ ਆਗੂ ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਨੇ ਇੱਥੋਂ ਜਾਰੀ ਪ੍ਰੈੱਸ ਬਿਆਨ ਰਾਹੀਂ ਕੀਤਾ। ਸਿੱਧੂ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੀ ਆਮਦ ਮੌਕੇ ਪੇਸ਼ ਪੰਜਾਬ ਸਰਕਾਰ ਦੇ ਬਜਟ ਤੋਂ ਆਮ ਲੋਕਾਂ ਨੂੰ ਭਾਰੀ ਆਸਾਂ ਸਨ, ਸਭ ਤੋਂ ਵੱਧ ਉਮੀਦ ਸੂਬੇ ਦੀਆਂ ਲੱਖਾਂ ਔਰਤਾਂ ਨੂੰ ਸੀ ਜਿੰਨਾਂ ਨੂੰ ਇੱਕ ਹਜ਼ਾਰ ਰੁਪਿਆ ਪ੍ਰਤੀ ਮਹੀਨਾ ਦੇਣ ਦੇ ਵਾਇਦੇ ਨਾਲ ਵਿਧਾਨ ਸਭਾ ਚੋਣਾਂ 'ਚ 'ਆਪ' ਨੇ ਵੋਟਾਂ ਹਾਸਿਲ ਕਰ ਸਰਕਾਰ ਬਣਾਈ ਪਰ ਹੁਣ ਉਕਤ ਰਾਸ਼ੀ ਦੇਣ ਸਬੰਧੀ ਬਜਟ 'ਚ ਕੋਈ ਜਿਕਰ ਨਹੀ ਕੀਤਾ ਗਿਆ ਜੋ ਨਿੰਦਣਯੋਗ ਹੈ। ਉਨਾਂ ਕਿਹਾ ਕਿ ਬੁਢਾਪਾ ਅਤੇ ਵਿਧਵਾ ਪੈਨਸ਼ਨ 'ਚ ਕੋਈ ਵਾਧਾ ਨਾ ਕਰਨਾ ਵੀ ਨਿਰਾਸ਼ਾਜਨਕ ਹੈ ਅਤੇ ਕਿਸਾਨਾਂ, ਵਪਾਰੀਆਂ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਸਮੇਤ ਹਰ ਵਰਗ ਦੀਆਂ ਮੰਗਾਂ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕਰ ਦਿੱਤਾ ਗਿਆ। ਸਿੱਧੂ ਨੇ ਕਿਹਾ ਕਿ ਸਰਕਾਰ ਨੂੰ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਆਪਣੇ ਐਲਾਨ ਨੂੰ ਅਮਲੀ ਜ਼ਾਮਾ ਪਹਿਨਾ ਦੇਣਾ ਚਾਹੀਦਾ ਸੀ ਪਰ ਇਸ ਬਾਬਤ ਵੀ ਚੁੱਪ ਵੱਟ ਲਈ ਗਈ। ਉਨਾਂ ਕਿਹਾ ਕਿ ਸਿੱਖਿਆ ਦੇ ਖੇਤਰ ਚ ਸੂਬੇ ਨੂੰ ਮੋਹਰੀ ਬਣਾਉਣ ਦੇ ਦਾਅਵੇ ਕਰਨ ਵਾਲੀ 'ਆਪ' ਸਰਕਾਰ ਨੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਚ ਮੋਹਰੀ ਭੂਮਿਕਾ ਅਦਾ ਕਰਨ ਵਾਲੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਵਿਸ਼ੇਸ ਜਾਂ ਲੋੜੀਂਦੇ ਫੰਡ ਮੁਹੱਈਆ ਕਰਵਾਉਣ ਬਾਰੇ ਵੀ ਬਜਟ ਸ਼ੈਸਨ ਚ ਕੁਝ ਸਪੱਸ਼ਟ ਨਹੀ ਕੀਤਾ ਜੋ ਮੰਦਭਾਗਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਹਲਕੇ ਦੇ ਦੌਰੇ ਦੌਰਾਨ ਗੁਰਬਾਜ਼ ਸਿੰਘ ਸਿੱਧੂ ਨੇ ਨਿੱਜੀ ਪ੍ਰੋਗਰਾਮਾਂ 'ਚ ਭਰੀ ਹਾਜ਼ਰੀ



ਤਲਵੰਡੀ ਸਾਬੋ, 05 ਮਾਰਚ (ਗੁਰਜੰਟ ਸਿੰਘ ਨਥੇਹਾ)- ਕਾਂਗਰਸ ਦੇ ਸੀਨੀਅਰ ਆਗੂ ਅਤੇ ਹਲਕੇ ਦੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦੇ ਸਪੁੱਤਰ ਗੁਰਬਾਜ਼ ਸਿੰਘ ਸਿੱਧੂ ਨੇ ਅੱਜ ਹਲਕੇ ਦੇ ਕਈ ਪਿੰਡਾਂ ਦਾ ਦੌਰਾ ਕਰਦਿਆਂ ਵਰਕਰਾਂ ਅਤੇ ਆਮ ਲੋਕਾਂ ਦੇ ਨਿੱਜੀ ਪ੍ਰੋਗਰਾਮਾਂ 'ਚ ਹਾਜ਼ਿਰੀ ਭਰੀ ਜਦੋਂਕਿ ਗੱਲਬਾਤ ਦੌਰਾਨ ਉਨਾਂ ਨੇ ਪਿਛਲੇ ਦੋ ਸਾਲਾਂ ਵਿੱਚ ਹਲਕੇ ਦੇ ਪਿੰਡਾਂ, ਸ਼ਹਿਰਾਂ ਦੇ ਵਿਕਾਸ ਲਈ ਫੰਡ ਮੁਹੱਈਆ ਨਾ ਕਰਵਾਉਣ ਤੇ ਸੂਬੇ ਦੀ 'ਆਪ' ਸਰਕਾਰ



ਨੂੰ ਕਰੜੇ ਹੱਥੀਂ ਲਿਆ। ਤਲਵੰਡੀ ਸਾਬੋ, ਤਿਉਣਾ ਪੁਜਾਰੀਆਂ ਅਤੇ ਕਈ ਹੋਰ ਪਿੰਡਾਂ 'ਚ ਵਰਕਰਾਂ ਅਤੇ ਆਮ ਲੋਕਾਂ ਦੇ ਨਿੱਜੀ ਪ੍ਰੋਗਰਾਮਾਂ 'ਚ ਹਾਜ਼ਰੀ ਭਰਨ ਉਪਰੰਤ ਗੱਲਬਾਤ ਕਰਦਿਆਂ ਨੌਜਵਾਨ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਕਿਹਾ ਕਿ ਦੂਜੇ ਰਾਜਾਂ ਦੇ ਅਖਬਾਰਾਂ 'ਚ ਦਿੱਤੇ ਇਸ਼ਿਤਹਾਰਾਂ 'ਚ ਆਮ ਆਦਮੀ ਪਾਰਟੀ ਸਰਕਾਰ ਇਉਂ ਦਾਅਵੇ ਕਰ ਰਹੀ ਹੈ ਜਿਵੇਂ ਉਸਨੇ ਸੂਬੇ ਨੂੰ ਵਿਕਾਸ ਪੱਖੋਂ ਮਾਡਲ ਸੂਬਾ ਬਣਾ ਦਿੱਤਾ ਹੋਵੇ ਪਰ ਸੂਬੇ ਦੇ ਲੋਕ ਜਾਣਦੇ ਹਨ ਕਿ ਇਸ ਸਰਕਾਰ ਨੇ ਆਪਣੇ ਦੋ ਸਾਲ ਦੇ ਕਾਰਜਕਾਲ ਦੌਰਾਨ ਜ਼ਮੀਨ ਤੇ ਕੋਈ ਕੰਮ ਕੀਤਾ ਹੀ ਨਹੀ ਉਨਾਂ ਕਿਹਾ ਕਿ ਸਮੁੱਚੇ ਸੂਬੇ ਵਾਂਗ ਹਲਕਾ ਤਲਵੰਡੀ ਸਾਬੋ ਦੇ ਪਿੰਡਾਂ, ਸ਼ਹਿਰਾਂ ਦੇ ਵਿਕਾਸ ਲਈ ਪਿਛਲੇ ਦੋ ਸਾਲਾਂ 'ਚ ਸਰਕਾਰ ਨੇ ਦੁਆਨੀ ਦਾ ਫੰਡ ਵੀ ਮੁਹੱਈਆ ਨਹੀ ਕਰਵਾਇਆ ਜਿਸ ਕਰਕੇ ਲੋਕਾਂ ਨੂੰ ਮੁਢਲੀਆਂ ਸਹੂਲਤਾਂ ਵੀ ਨਹੀ ਮਿਲ ਪਾ ਰਹੀਆਂ। ਉਨਾਂ ਕਿਹਾ ਕਿ ਲੋਕ ਸਭਾ ਚੋਣਾਂ ਦੀ ਆਮਦ ਦੇ ਮੱਦੇਨਜ਼ਰ ਉਮੀਦ ਸੀ ਕਿ ਸਰਕਾਰ ਘੱਟੋ ਘੱਟ ਪਿੰਡਾਂ ਦੇ ਲੋੜੀਂਦੇ ਵਿਕਾਸ ਕਾਰਜਾਂ ਲਈ ਫੰਡ ਜ਼ਰੂਰ ਮੁਹੱਈਆ ਕਰਵਾਏਗੀ ਪਰ ਸਰਕਾਰ ਨੇ ਪੰਚਾਇਤਾਂ ਭੰਗ ਕਰਕੇ ਇਸ ਉਮੀਦ ਨੂੰ ਵੀ ਖਤਮ ਕਰ ਦਿੱਤਾ। ਉਨਾਂ ਅਨੁਸਾਰ ਕੇਵਲ ਗੱਲਾਂ ਅਤੇ ਚੁਟਕਲਿਆਂ ਸਹਾਰੇ ਸਰਕਾਰ ਚਲਾਈ ਜਾ ਰਹੀ ਹੈ ਜਿਸਤੋਂ ਲੋਕ ਹੁਣ ਤੰਗ ਆ ਚੁੱਕੇ ਹਨ। ਸਿੱਧੂ ਨਾਲ ਇਸ ਮੌਕੇ ਸੀ. ਆਗੂ ਸੁਖਬੀਰ ਸਿੰਘ ਚੱਠਾ ਅਤੇ ਜਗਤਾਰ ਨੰਗਲਾ, ਗੁਰਮੀਤ ਸਿੰਘ ਤਿਉਣਾ ਪੁਜਾਰੀਆਂ, ਹਰਪਾਲ ਗਾਟਵਾਲੀ, ਸੇਵਕ ਤੰਗਰਾਲੀ ਆਦਿ ਆਗੂ ਮੌਜੂਦ ਰਹੇ।

# ਘਰ-ਘਰ ਰਾਚੋਨ 'ਸਕੀਮ ਨਾਲ ਗਰੀਬਾਂ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ ਆਪ ਆਗੂ



ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪੰਜਾਬ ਦੇ ਲਾਭਪਾਤਰੀਆਂ ਨੂੰ ਘਰ ਘਰ ਰਾਸਨ ਪਹੁੰਚਾਉਣ ਦੀ " ਸੁਚੱਜਾ ਰਾਸ਼ਨ ਘਰ ਘਰ ਰਾਸਨ " ਸਕੀਮ ਦੇ ਨਾਲ ਪਿੰਡਾਂ ਸਹਿਰਾਂ ਵਿੱਚ ਵਸਦੇ ਗਰੀਬ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੀ ਸੀਨੀਅਰ ਆਗੂ ਖਾਲਿਦ ਖਾਨ ਦੁਗਨੀ, ਡਾਕਟਰ ਅਮਨ ਜਾਤੀਮਾਜਰਾ, ਤਾਰਿਕ ਖਾਨ, ਜਾਵੇਦ ਖਾਨ ਦੁਗਨੀ ਨੇ ਕੀਤਾ। ਆਗੂਆਂ ਨੇ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚਲਾਈ ਜਾ ਰਹੀ ਅਜਿਹੀ ਸਕੀਮ ਆਮ ਲੋਕਾਂ ਲਈ ਵੱਡੀ ਰਾਹਤ ਭਰੀ ਹੋਵੇਗੀ। ਪਿਛਲੀਆਂ ਸਰਕਾਰਾਂ ਵੱਲੋਂ ਰਾਸਣ ਦੇ ਨਾਂ ਤੇ ਲੋਕਾਂ ਨੂੰ ਕਈ ਕਈ ਦਿਨ ਕਤਾਰਾਂ ਵਿੱਚ ਲਾ ਕੇ ਖੱਜਲ ਖੁਆਰ ਕੀਤਾ ਜਾਂਦਾ ਸੀ। ਪਰ ਹੁਣ ਸੂਬੇ ਦੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੇ ਮੁੱਖ ਮੰਤਰੀ ਵੱਲੋਂ ਆਮ ਲੋਕਾਂ ਦੇ ਇਸ ਦੁੱਖ ਦਰਦ ਨੂੰ ਪਹਿਚਾਣ ਕੇ ਇਸ ਦਾ ਸਥਾਈ ਹੱਲ ਕੀਤਾ ਹੈ। ਆਗੂਆ ਨੇ ਕਿਹਾ ਕਿ ਇਸ ਐਲਾਨ ਤੋਂ ਬਾਅਦ ਹੁਣ ਕਾਰਡ ਧਾਰਕ ਲਾਭਪਾਤਰੀਆਂ ਨੂੰ ਘਰ ਬੈਠੇ ਰਾਸ਼ਨ ਮੁਹਈਆ ਹੋਵੇਗਾ, ਜਦੋ ਕਿ ਉਹਨਾਂ ਨੂੰ ਰਾਸਨ ਲੈਣ ਲਈ ਹੁੰਦੀ ਖੱਜਲ ਖੁਆਰੀ ਅਤੇ ਆਪਣੀ ਦਿਹਾੜੀ ਵੀ ਨਹੀਂ ਛੱਡਣੀ ਪਵੇਗੀ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਪਿਛਲੇ ਦਿਨੀ ਲੱਖਾਂ ਕੱਟੇ ਹੋਏ ਰਾਸ਼ਨ ਕਾਰਡ ਬਹਾਲ ਕਰਕੇ ਲੋਕਾਂ ਨੂੰ ਇਸ ਸਕੀਮ ਦੇ ਘੇਰੇ ਵਿੱਚ ਲਿਆਂਦਾ ਹੈ ਜੋ ਹਰ ਵਿਅਕਤੀ ਇਸ ਸਕੀਮ ਦਾ ਲਾਹਾ ਲੈ ਸਕੇ।

# ਸ਼੍ਰੋਮਣੀ ਕਮੇਟੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਤੋਂ ਪਾਸਪੋਰਟ ਮੰਗੇ



ਨਵੀਂ ਦਿੱਲੀ, 5 ਮਾਰਚ (ਮਨਪ੍ਰੀਤ ਸਿੰਘ ਖਾਲਸਾ):- ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਜੂਨ 2024 ਵਿਚ ਪਾਕਿਸਤਾਨ ਭੇਜੇ ਜਾਣ ਵਾਲੇ ਜਥੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸ਼ਰਧਾਲੂਆਂ ਪਾਸੋਂ ਪਾਸਪੋਰਟਾਂ ਦੀ ਮੰਗ ਕੀਤੀ ਹੈ। ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ 25 ਮਾਰਚ 2024 ਤੱਕ ਸ਼੍ਰੋਮਣੀ ਕਮੇਟੀ ਦਫ਼ਤਰ ਦੇ ਯਾਤਰਾ ਵਿਭਾਗ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਪਾਕਿਸਤਾਨ ਵਿਖੇ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਵੀ ਜੂਨ ਮਹੀਨੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਿਆ ਜਾਵੇਗਾ। ਜਥੇ ਵਿਚ ਜਾਣ ਦੇ ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਦੀ ਸਿਫਾਰਸ਼ ਸਹਿਤ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਜਮ੍ਹਾਂ ਕਰਵਾਉਣ। ਪਾਸਪੋਰਟ ਦੇ ਨਾਲ ਪਛਾਣ ਪੱਤਰ ਵਜੋਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ ਵੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸ਼ਰਧਾਲੂ ਆਪਣੇ ਪਾਸਪੋਰਟ ਸਮੇਂ ਸਿਰ ਜਮ੍ਹਾਂ ਕਰਵਾਉਣ ਤਾਂ ਜੋ ਅਗਲੀ ਕਾਰਵਾਈ ਲਈ ਸਰਕਾਰ ਨੂੰ ਭੇਜੇ ਜਾ ਸਕਣ।

## ਫਿਰੋਜ਼ਪੁਰ ਦਿਹਾਤੀ ਵਿਖੇ ਸਵੀਪ ਮੁਹਿੰਮ ਜੰਗੀ ਪੱਧਰ ਤੇ ਜਾਰੀ

# ਈ.ਵੀ.ਐਮ ਪ੍ਰਦਰਸ਼ਨੀ ਕੈਂਪ ਰਾਹੀਂ ਵੋਟਰਾਂ ਨੂੰ ਦਿੱਤੀ ਜਾਣਕਾਰੀ



ਫਿਰੋਜ਼ਪੁਰ, 5 ਮਾਰਚ (ਮਨੋਹਰ ਲਾਲ) :— ਆਗਾਮੀ ਲੋਕ ਸਭਾ ਚੋਣਾਂ 2024 ਦੇ ਸਨਮੁਖ ਜ਼ਿਲਾ ਚੋਣ ਅਫਸਰ—ਕਮ—ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੇ ਦਿਸ਼ਾ—ਨਿਰਦੇਸ਼ਾਂ ਹੇਠ ਚੋਣਕਾਰ ਰਜਿਸਟ੍ਰੇਸ਼ਨ ਅਫਸਰ (77) ਫਿਰੋਜ਼ਪੁਰ ਦਿਹਾਤੀ (ਅ.ਜਾ.) ਕਮ ਵਧੀਕ ਡਿਪਟੀ ਕਮਿਸ਼ਨਰ (ਜ) ਡਾ: ਨਿਧੀ ਕੁਮੰਦ ਬੰਬਾਹ ਦੀ ਦੇਖ—ਰੇਖ ਵਿੱਚ ਫਿਰੋਜ਼ਪੁਰ ਦਿਹਾਤੀ 77 ਵਿੱਖੇ ਸਵੀਪ ਮੁਹਿੰਮ ਜੰਗੀ ਪੱਧਰ ਤੇ ਜਾਰੀ ਹੈ, ਇਸ ਅਧੀਨ ਜਿੱਥੇ ਵੱਖ—ਵੱਖ ਵਿੱਦਿਅਕ ਸੰਸਥਾਵਾਂ ਵਿਖੇ ਚੋਣ ਮਹਾਂਉਤਸਵ ਮਨਾਏ ਜਾ ਰਹੇ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਪ੍ਰਿੰਸੀਪਲ ਪੂਨਮ ਕਾਲੜਾ ਨੇ ਦੱਸਿਆ ਕਿ ਅਧਿਕਾਰੀਆਂ ਦੇ ਦਿਸ਼ਾ—ਨਿਰਦੇਸ਼ਾਂ ਹੇਠ ਇਸੀ ਮੁਹਿੰਮ ਤਹਿਤ ਵੱਖ—ਵੱਖ ਪਿੰਡਾਂ ਵਿੱਚ ਚੋਣ ਸੱਥਾਂ ਬਣਾ ਕੇ ਨੈਤਿਕ ਮਤਦਾਨ ਕਰਨ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ, ਉੱਥੇ ਹੀ ਬੂਥ ਪੱਧਰ ਤੇ ਚੋਣ ਮਿੱਤਰ ਬਣਾਏ ਜਾ ਰਹੇ ਹਨ ਜੋ ਕਿ ਚੋਣ ਪ੍ਰਕਿਰਿਆ ਵਿੱਚ ਮਦਦ ਕਰਨਗੇ, ਵੱਖ—ਵੱਖ ਗੈਰ ਸਰਕਾਰੀ ਸੰਗਠਨ ਅਤੇ ਯੂਥ ਕਲੱਬ ਆਦਿ ਲੋਕਾਂ ਨੂੰ ਅਪਣੇ ਮਤਦਾਨ ਪ੍ਰਤੀ ਜਾਗਰੂਕ ਕਰ ਰਹੇ ਹਨ। ਪ੍ਰਿੰਸੀਪਲ ਪੂਨਮ ਕਾਲੜਾ ਅਤੇ ਮੁੱਖਅਧਿਆਪਕਾ ਪਰਵੀਨ ਬਾਲਾ ਨੂੰ (77) ਫਿਰੋਜਪੁਰ ਦਿਹਾਤੀ ਦਾ ਵੂਮੈਨ ਆਈਕਾਨ ਬਣਾਇਆ ਗਿਆ ਹੈ ਜੋ ਕਿ ਹਲਕੇ ਵਿੱਚ ਇਸਤਰੀ ਮਤਦਾਨ ਨੂੰ ਵਧਾਉਣ ਲਈ ਯਤਨ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਏ.ਡੀ.ਸੀ ਮੈਡਮ ਵੱਲੋਂ ਸੰਗਠਿਤ ਟੀਮਾਂ ਦੁਆਰਾ ਵੱਖ—ਵੱਖ ਪਿੰਡਾਂ ਵਿਚ ਸੁਰੱਖਿਆ ਅਮਲੇ ਦੀ ਨਿਗਰਾਨੀ ਤਹਿਤ ਈ.ਵੀ.ਐਮ. ਪ੍ਰਦਰਸ਼ਨੀ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਮੌਕੇ ਜਸਵੰਤ ਸਿੰਘ ਬੜੈਚ ਡੀ.ਡੀ.ਪੀ.ਓ, ਇਲਕਸ਼ੈਨ ਸੈਲ ਇੰਨਚਾਰਜ ਜਸਵੰਤ ਸੈਣੀ, ਸਵੀਪ ਕੋਆਰਡੀਨੇਟਰ ਕਮਲ ਸ਼ਰਮਾ ਨੇ ਦੱਸਿਆ ਕਿ ਵੱਖ—ਵੱਖ ਪੋਲਿੰਗ ਬੂਥਾਂ ਤੇ ਵੋਟਿੰਗ ਮਸ਼ੀਨਾਂ ਦੀ ਪ੍ਰਦਰਸ਼ਨੀ ਲਗਾ ਕੇ ਆਮ ਨਾਗਰਿਕਾਂ ਨੂੰ ਈ.ਵੀ.ਐਮ ਦੀ ਭਰੋਸੇ ਯੋਗਤਾ ਅਤੇ ਇਸ ਦੀ ਕਾਰਜ ਪ੍ਰਣਾਲੀ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਵੋਟਰ ਇਸ ਪ੍ਰਦਰਸ਼ਨੀ ਕੈਂਪ ਵਿਚ ਆ ਕੇ ਭਰਮ ਭੁਲੇਖੇ ਦੂਰ ਕਰਨ ਅਤੇ ਚੋਣਾਂ ਦਾ ਪਰਵ ਦੇਸ਼ ਦਾ ਗਰਵ ਲੋਕਤੰਤਰ ਦੇ ਵੱਡੇ ਤਿਉਹਾਰ ਮਨਾਉਣ ਲਈ ਤਿਆਰ ਬਰ—ਤਿਆਰ ਰਹਿਣ।ਅੱਜ ਕੰਵਲਦੀਪ ਸਿੰਘ, ਰਾਜੀਵ ਬਹਿਲ ਅਤੇ ਮਨਦੀਪ ਸਿੰਘ ਦੀ ਟੀਮ ਵਲੋ ਪੁਲੀਸ ਬੱਲ ਦੀ ਨਿਗਰਾਨੀ ਵਿੱਚ ਪਿੰਡ ਸਤੀਏਵਾਲਾ, ਬਜ਼ੀਦਪੁਰ, ਪਿਆਰੇਆਣਾ, ਬਸਤੀ ਪਿਆਰੇ ਆਣਾ, ਮਾਨਾ ਸਿੰਘ ਵਾਲਾ, ਸੱਪਾਂ ਵਾਲੀ ਵਿੱਖੇ ਲਗਾਇਆ ਗਿਆ, ਇਸੇ ਲੜੀ ਵਿੱਚ ਸਵੀਪ ਮੁਹਿੰਮ ਤਹਿਤ ਸਰਕਾਰੀ ਕਾਲਜ ਮੋਹਕਮ ਖਾਂ ਵਿੱਖੇ ਹੋ ਰਹੇ ਖੇਡ ਮੇਲੇ ਵਿਖੇ ਵੀ ਅੱਜ ਵੋਟਰ ਜਾਗਰੂਕਤਾ ਵਿਸ਼ੇਸ਼ ਬੂਥ ਲਗਾਇਆ ਗਿਆ। ਇਸ ਮੌਕੇ ਚੋਣ ਤਹਿਸੀਲਦਾਰ ਚਾਂਦ ਪ੍ਰਕਾਸ਼, ਜ਼ਿਲ੍ਹਾ ਸਵੀਪ ਕੋਆਰਡੀਨੇਟਰ ਸਤਿੰਦਰ ਸਿੰਘ, ਚੋਣ ਕਾਨੂੰਗੋ ਮੈਡਮ ਗਗਨ, ਸਵੀਪ ਕੋਆਰਡੀਨੇਟਰ ਲਖਵਿੰਦਰ ਸਿੰਘ, ਅੰਗਰੇਜ ਸਿੰਘ, ਪ੍ਰੋਗਰਾਮਰ ਤ੍ਰਲੋਚਨ ਸਿੰਘ, ਪੀਪਲ ਸਿੰਘ, ਸੁਖਚੈਨ ਸਿੰਘ, ਹਿਮਾਂਸ਼ੂ, ਸਨੀ ਸੈਨ, ਸੁਨੀਲ ਕੁਮਾਰ, ਰਾਜਿੰਦਰ ਕੁਮਾਰ ਆਦਿ ਹਾਜ਼ਰ ਸਨ।

## ਰੇਲ ਰੋਕਣ ਜਾ ਰਹੇ

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਕੀਤੇ ਕਾਬੂ ਤੇ ਰਿਹਾਅ



ਫ਼ਿਰੋਜ਼ਪੁਰ, 5 ਮਾਰਚ (ਮਨੋਹਰ ਲਾਲ) :— ਡਿਬਰੂਗੜ੍ਹ ਜੇਲ ਚ ਬੰਦ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਪੰਜਾਬ ਦੀ ਜੇਲ ਵਿਚ ਸ਼ਿਫਟ ਕਰਨ ਅਤੇ ਹੋਰ ਮੰਗਾ ਨੂੰ ਲੈ ਕੇ ਅਕਾਲੀ ਦਲ ਅੰਮ੍ਰਿਤਸਰ ਦੇ ਕਾਰਕੁੰਨਾਂ ਵੱਲੋਂ ਸੋਮਵਾਰ ਨੂੰ ਫਿਰੋਜ਼ਪੁਰ ਵਿਖੇ ਰੇਲਾਂ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਰੇਲ ਪਟੜੀਆਂ ਤੇ ਬੈਠੇ ਅਕਾਲੀ ਦਲ ਮਾਨ ਆਗੂਆਂ ਅਤੇ ਵਰਕਰਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਅਤੇ ਥਾਣਾ ਘੱਲ ਖੁਰਦ ਲੈ ਗਏ, ਜਿਥੋਂ ਦੇਰ ਸ਼ਾਮ 6 ਵਜੇ ਦੇ ਕਰੀਬ ਛੱਡਿਆ ਗਿਆ।ਇਸ ਦੌਰਾਨ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਜਾਣ ਵਾਲੇ ਆਗੂਆਂ ਵਿੱਚ ਪਾਰਟੀ ਦੇ ਯੂਥ ਵਿੰਗ ਦੇ ਪੰਜਾਬ ਪ੍ਰਧਾਨ ਤਜਿੰਦਰ ਸਿੰਘ ਦਿਉਲ, ਗੁਰਚਰਨ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ, ਬਲਰਾਜ ਸਿੰਘ ਖਾਲਸਾ ਪ੍ਰਧਾਨ ਜ਼ਿਲ੍ਹਾ ਮੋਗਾ, ਜਗਜੀਤ ਸਿੰਘ ਦਫਤਰ ਸਕੱਤਰ ਜ਼ਿਲ੍ਹਾ ਫਿਰੋਜ਼ਪੁਰ, ਪਰਗਟ ਸਿੰਘ ਵਾਹਕਾ ਮੁੱਖ ਬੁਲਾਰਾ, ਦਵਿੰਦਰ ਸਿੰਘ ਚੁਰਿਆਂ ਸੀਨੀਅਰ ਮੀਤ ਪ੍ਰਧਾਨ ਫਿਰੋਜ਼ਪੁਰ, ਜੋਗਿੰਦਰ ਸਿੰਘ ਮੱਲੇਵਾਲ ਜਨਰਲ ਸਕੱਤਰ ਫਿਰੋਜ਼ਪੁਰ, ਸੂਰਤ ਸਿੰਘ ਮਮਦੋਟ ਪ੍ਰਧਾਨ ਕਿਸਾਨ ਵਿੰਗ ਸ਼ਾਮਲ ਸਨ। ਜ਼ਿਕਰਯੋਗ ਹੈ ਕਿ ਡਿਬਰੂਗੜ ਜੇਲ ਵਿਚ ਬੰਦ ਅਮ੍ਰਿਤਪਾਲ ਸਿੰਘ ਅਤੇ ਸਾਥੀਆਂ ਨੂੰ ਪੰਜਾਬ ਵਿਚ ਸ਼ਿਫਟ ਕਰਨ ਅਤੇ ਹੋਰ ਕਈ ਮੰਗਾਂ ਨੂੰ ਲੈ ਕੇ ਅਕਾਲੀ ਦਲ ਅਮ੍ਰਿੰਤਸਰ ਦਾ ਰੇਲਾਂ ਰੋਕਣ ਦਾ ਪ੍ਰੋਗਰਾਮ ਸੀ। ਇਸ ਸਬੰਧੀ ਜ਼ਿਲ੍ਹਾ ਫਿਰੋਜ਼ਪੁਰ ਪੁਲਿਸ ਵੱਲੋਂ ਵੀ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ, ਜਿਵੇਂ ਹੀ ਅਕਾਲੀ ਦਲ ਯੂਥ ਵਿੰਗ ਦੇ ਸੂਬਾ ਪ੍ਰਧਾਨ ਤਜਿੰਦਰ ਸਿੰਘ ਦਿਉਲ ਅਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਗੁਰਚਰਨ ਸਿੰਘ ਦੀ ਅਗਵਾਈ ਵਿਚ ਅਕਾਲੀ ਕਾਰਕੁੰਨਾਂ ਨੇ ਫਿਰੋਜ਼ਪੁਰ—ਜ਼ੀਰਾ ਮਾਰਗ ਤੇ ਸਤੀਏ ਵਾਲਾ ਹਿਲਜ਼ੋ ਦੇ ਕੋਲ ਪੈਂਦੇ ਫਿਰੋਜ਼ਪੁਰ—ਦਿੱਲੀ ਰੇਲ ਟਰੈਕ ਨੂੰ ਰੋਕਣ ਲਈ ਪਟੜੀਆਂ ਤੇ ਬੈਠ ਕੇ ਨਾਅਰੇਬਾਜ਼ੀ ਸ਼ੁਰੂ ਕੀਤੀ, ਉਸੇ ਸਮੇਂ ਐਸ.ਪੀ ਹੈਡਕੁਆਰਟਰ ਜੁਗਰਾਜ ਸਿੰਘ ਦੀ ਅਗਵਾਈ ਵਿਚ ਪੁਲਿਸ ਪਾਰਟੀ ਵੱਲੋਂ ਉਨ੍ਹਾ ਨੂੰ ਹਿਰਾਸਤ ਵਿਚ ਲੈ ਕੇ ਮੋਗਾ ਰੋਡ ਤੇ ਪੈਂਦੇ ਥਾਣਾ ਘੱਲ ਖੁਰਦ ਭੇਜ ਦਿੱਤਾ, ਇਸ ਤੋਂ ਪਹਿਲੇ ਪੁਲਿਸ ਵੱਲੋਂ ਹਰ ਉਸ ਜਗ੍ਹਾ ਤੇ ਸਖਤ ਪ੍ਰਬੰਧ ਕੀਤੇ ਗਏ ਸਨ, ਜਿਥੇ ਪੁਲਿਸ ਨੂੰ ਰੇਲਾਂ ਦੇ ਰੋਕੇ ਜਾਣ ਦਾ ਖਦਸ਼ਾ ਸੀ। ਇਸ ਦੌਰਾਨ ਫਿਰੋਜ਼ਪੁਰ ਛਾਉਣੀ ਰੇਲਵੇ ਸਟੇਸ਼ਨ ਅਤੇ ਬਸਤੀ ਟੈਂਕਾਵਾਲੀ ਦੇ ਅੰਡਰ ਬ੍ਰਿਜ ਤੇ ਭਾਰੀ ਗਿਣਤੀ ਚ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਸੀ।ਭਾਵੇਂ ਜ਼ਿਲ੍ਹਾ ਪੁਲਿਸ ਵੱਲ ਅਕਾਲੀ ਦਲ ਅੰਮ੍ਰਿਤਸਰ ਦੇ ਕਾਰਕੁੰਨਾਂ ਨੂੰ ਹਿਰਾਸਤ ਵਿੱਚ ਲੈ ਰੇਲ ਰੋਕੋ ਅੰਦੋਲਨ ਨੂੰ ਸਫਲ ਨਹੀਂ ਹੋਣ ਦਿੱਤਾ ਗਿਆ ਪਰ ਅਕਾਲੀ ਕਾਰਕੁੰਨ ਸਿੰਬੌਲਿਕੋ ਤੋਰ ਤੇ ਵਿਰੋਧ ਜਤਾਉਣ ਵਿਚ ਕਾਮਯਾਬ ਰਹੇ।

# ਸਰਕਾਰ ਦੀਆਂ ਲਾਰਾ ਲਾਊ ਨੀਤੀਆਂ ਵਿਰੁੱਧ ਰੋਹ ਹੋ ਰਿਹੈ ਤਿੱਖਾ—ਮੁਲਾਜ਼ਮ ਆਗੂ



ਫ਼ਿਰੋਜ਼ਪੁਰ, 5 ਮਾਰਚ (ਮਨੋਹਰ ਲਾਲ) :— ਪੰਜਾਬ ਪੈਨਸ਼ਨਰ ਯੂਨੀਅਨ ਦੀ ਹੰਗਾਮੀ ਮੀਟਿੰਗ ਬੱਸ ਸਟੈਂਡ ਫ਼ਿਰੋਜ਼ਪੁਰ ਵਿਖੇ ਹੋਈ, ਜਿਸ ਦੀ ਅਗਵਾਈ ਮਲਕੀਅਤ ਚੰਦ ਪਾਸੀ ਸੀਨੀਅਰ ਮੀਤ ਪ੍ਰਧਾਨ ਵੱਲੋਂ ਕੀਤੀ ਗਈ। ਇਸ ਮੀਟਿੰਗ ਦੌਰਾਨ ਪੈਨਸ਼ਨਰ ਆਗੂਆਂ ਓਮ ਪ੍ਰਕਾਸ਼, ਬਲਵੰਤ ਸਿੰਘ ਸੰਧੂ, ਦੀਵਾਨ ਚੰਦ, ਕੁਲਦੀਪ ਸਿੰਘ ਖੁੰਘਰ ਅਤੇ ਕਵਰਜੀਤ ਸ਼ਰਮਾ ਨੇ ਕਿਹਾ ਕਿ ਸਰਕਾਰ ਦਾ ਦੋ ਸਾਲ ਦਾ ਸਮਾਂ ਬੀਤ ਜਾਣ ਤੇ ਵੀ ਸਰਕਾਰ ਮੁਲਾਜ਼ਮਾਂ, ਪੈਨਸ਼ਨਰਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ, ਜਿਸ ਦੇ ਚਲਦਿਆਂ ਮੁਲਾਜ਼ਮਾਂ ਨੂੰ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ 4 ਮਾਰਚ ਨੂੰ ਚੰਡੀਗੜ੍ਹ ਵਿਚ ਹਜ਼ਾਰਾਂ ਮੁਲਾਜ਼ਮਾਂ, ਪੈਨਸ਼ਨਰਾਂ ਦੀ ਰਿਕਾਰਡਤੋੜ ਰੈਲੀ ਕੀਤੀ ਗਈ ਹੈ, ਜਿਸ ਵਿਚ 14:30 ਵਜੇ ਚੀਫ ਸੈਕਟਰੀ ਨਾਲ ਮੀਟਿੰਗ ਦਾ ਸਮਾਂ ਮਿਲਿਆ, ਪਰ ਮੀਟਿੰਗ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲਾਰੇ—ਲੱਪੇ ਲਗਾ ਕੇ ਸਮਾਂ ਟਪਾਉਣ ਦੇ ਕਾਰੇ ਕੀਤੇ ਜਾ ਰਹੇ ਹਨ, ਜਿਸ ਨਾਲ ਮੁਲਾਜ਼ਮਾਂ, ਪੈਨਸ਼ਨਰਾਂ ਦੇ ਅੰਦਰ ਰੋਹ ਦੀ ਲਹਿਰ ਦੌੜ ਰਹੀ ਹੈ। ਉਨ੍ਹਾਂ ਕਿਹਾ ਕਿ 5 ਫਰਵਰੀ ਨੂੰ ਪੇਸ਼ ਕੀਤੇ ਬਜਟ ਵਿਚ ਵੀ ਮੁਲਾਜ਼ਮਾਂ, ਪੈਨਸ਼ਨਰਾਂ ਵਾਸਤੇ ਕੋਈ ਬਜਟ ਨਹੀਂ ਰੱਖਿਆ, ਜਿਸ ਕਾਰਨ ਮੁਲਾਜ਼ਮਾਂ, ਪੈਨਸ਼ਨਰਾਂ ਵਿਚ ਭਾਰੀ ਗੁੱਸਾ ਹੈ ਅਤੇ ਆਗੂਆਂ ਨੇ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਵਿਚ ਸਰਕਾਰ ਨੂੰ ਇਸ ਦਾ ਖਮਿਆਦਾ ਭੁਗਤਣਾ ਪਵੇਗਾ। ਮੀਟਿੰਗ ਉਪਰੰਤ ਸਰਕਾਰ ਦੀਆਂ ਨੀਤੀਆਂ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਤੇ ਵਿਜੈ ਕੁਮਾਰ, ਜ਼ਸਵੰਤ ਮੈਣੀ, ਪਵਨ ਕੁਮਾਰ, ਰਾਜ ਪਾਲ ਬੇਰੀ, ਚੰਨਣ ਸਿੰਘ, ਸੁਰਿੰਦਰ ਮੌਂਗਾ, ਅੰਮ੍ਰਿਤਪਾਲ, ਦੁਰਗਾ ਦਾਸ, ਬਲਵਿੰਦਰ ਸਿੰਘ, ਗਨਪਤ ਰਾਏ ਆਦਿ ਹਾਜ਼ਰ ਸਨ।

# ਕਾਬਲ ਸਿੰਘ ਨੇ ਸੋਨ ਤਗਮਾ ਜਿੱਤ ਕੇ ਅੰਮ੍ਰਿਤਸਰ ਅਤੇ ਪੰਜਾਬ ਦਾ ਨਾਮ ਕੀਤਾ ਰੌਸ਼ਨ




ਚੌਕ ਮਹਿਤਾ, 5 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ)-ਬਿਹਾਰ ਦੇ ਪਟਨਾ ਵਿਖੇ ਹੋਈ ਅੰਤਰਰਾਸ਼ਟਰੀ ਬਾਡੀ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਪਿੰਡ ਮੱਖਣਵਿੰਡੀ ਜ਼ਿਲ੍ਹਾ ਅੰਮ੍ਰਿਤਸਰ ਦੇ ਨੌਜਵਾਨ ਕਾਬਲ ਸਿੰਘ ਨੇ ਭਾਗ ਲਿਆ ਅਤੇ ਸਾਰੇ ਖਿਡਾਰੀਆਂ ਨੂੰ ਪਿੱਛੇ ਛੱਡ ਕੇ ਸੋਨ ਤਗਮਾ ਜਿੱਤ ਕੇ ਆਪਣਾ, ਆਪਣੇ ਪਿੰਡ, ਜ਼ਿਲ੍ਹਾ ਅੰਮ੍ਰਿਤਸਰ ਅਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਬਲ ਸਿੰਘ ਨੇ ਦੱਸਿਆ ਕਿ ਉਹ ਪਿਛਲੇ 10 ਸਾਲਾਂ ਤੋਂ ਭਾਰਤ ਵਿਚ ਵੱਖ-ਵੱਖ ਥਾਵਾਂ ’ਤੇ ਹੋਏ ਬਾਡੀ ਲਿਫਟਿੰਗ ਮੁਕਾਬਲਿਆਂ ਵਿਚ ਭਾਗ ਲੈ ਕੇ ਕਈ ਸੋਨ ਅਤੇ ਚਾਂਦੀ ਦੇ ਤਗਮੇ ਜਿੱਤ ਚੁੱਕਾ ਹੈ, ਪਰ ਅੱਜ ਤੱਕ ਉਸ ਨੂੰ ਸਰਕਾਰ ਵੱਲੋਂ ਕੋਈ ਮਦਦ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਸਾਡੇ ਵਰਗੇ ਬਹੁਤ ਸਾਰੇ ਖਿਡਾਰੀ ਅਜਿਹੇ ਹਨ ਜੋ ਪਰਿਵਾਰ ਦਾ ਗੁਜ਼ਾਰਾ ਚਲਾਉਣ ਲਈ ਕੰਮ ਕਰਦੇ ਹਨ ਅਤੇ ਇਸ ਲਈ ਗਰੀਬੀ ਵਿੱਚ ਵੀ ਆਪਣੀ ਤਾਕਤ ਦੇ ਦਮ ’ਤੇ ਪੈਸੇ ਖਰਚ ਕੇ ਦੂਰ-ਦੁਰਾਡੇ ਜਾ ਕੇ ਖੇਡਾਂ ਵਿੱਚ ਹਿੱਸਾ ਲੈਂਦੇ ਹਨ। ਅਤੇ ਉਹ ਪੰਜਾਬ ਲਈ ਤਗਮੇ ਜਿੱਤਦੇ ਹਨ, ਜਿਸ ਕਾਰਨ ਜਦੋਂ ਸਰਕਾਰ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕਰਦੀ ਹੈ ਤਾਂ ਉਨ੍ਹਾਂ ਦਾ ਉਤਸ਼ਾਹ ਘੱਟ ਜਾਂਦਾ ਹੈ। ਉਨ੍ਹਾਂ ਭਗਵੰਤ ਮਾਨ ਸਰਕਾਰ ਨੂੰ ਅਪੀਲ ਕੀਤੀ ਕਿ ਹੋਰਨਾਂ ਖਿਡਾਰੀਆਂ ਵਾਂਗ ਉਨ੍ਹਾਂ ਨੂੰ ਵੀ ਸਰਕਾਰ ਵੱਲੋਂ ਦਿੱਤੀ ਜਾਂਦੀ ਤਰੱਕੀ ਅਤੇ ਸਹਿਯੋਗ ਦਿੱਤਾ ਜਾਵੇ। ਤਾਂ ਜੋ ਉਹ ਹੋਰ ਵੀ ਉਤਸ਼ਾਹਿਤ ਹੋ ਸਕੇ ਅਤੇ ਪੰਜਾਬ ਲਈ ਵੱਧ ਤੋਂ ਵੱਧ ਗੋਲਡ ਜਿੱਤ ਕੇ ਪੰਜਾਬ ਦਾ ਨਾਂ ਰੌਸ਼ਨ ਕਰ ਸਕੇ।

# ਦਿੱਲੀ ਦੇ ਮਾਯਾ ਪੂਰੀ ਇਲਾਕੇ ਅੰਦਰ ਗੁਰਦਵਾਰਾ ਸਾਹਿਬ ਨੂੰ ਅੱਗ ਲਗਾ ਕੇ ਬੇਅਦਬੀ ਕਰਣ ਦੀ ਕੋਸ਼ਿਸ਼

## ਦੋਸ਼ੀ ਕਹਿੰਦਾ ਮੇਰੇ ਮਗਰ ਵਡੀਆਂ ਤਾਕਤਾਂ, ਪਰਿਵਾਰ ਕਹਿੰਦਾ ਦਿਮਾਗੀ ਸੰਤੁਲਨ ਠੀਕ ਨਹੀਂ



ਨਵੀਂ ਦਿੱਲੀ 5 ਮਾਰਚ (ਮਨਪ੍ਰੀਤ ਸਿੰਘ ਖਾਲਸਾ):- ਬੀਤੇ ਦਿਨ ਦੀ ਸ਼ਾਮ ਨੂੰ ਤਕਰੀਬਨ 6.30 ਵਜੇ ਇਕ ਹਿੰਦੂ ਜਿਸ ਦਾ ਨਾਮ ਯੋਗੇਸ਼ ਕੁਮਾਰ ਪਤਾ ਲਗਿਆ ਹੈ ਓਹ ਮਾਯਾ ਪੂਰੀ ਇਲਾਕੇ ਅੰਦਰ ਖਜਾਨ ਬਸਤੀ ਦੇ ਗੁਰਦੁਆਰਾ ਸਿੰਘ ਸਭਾ ਜਾ ਕੇ ਆਪਣੀ ਪੈਂਟ ਉਤਾਰਦਾ ਹੈ ਤੇ ਜੇਬ ਵਿੱਚੋਂ ਲਾਈਟਰ ਕਢ ਕੇ ਇਕ ਹੱਥ ਵਿਚ ਫੜੇ ਕਪੜੇ ਨੂੰ ਲਾਈਟਰ ਨਾਲ ਅੱਗ ਲਗਾ ਕੇ ਕਹਿੰਦਾ ਮੈ ਗੁਰਦਵਾਰਾ ਸਾਹਿਬ ਨੂੰ ਅੱਗ ਲਾ ਦੇਵਾਂਗਾ । ਇਸ ਦੌਰਾਨ ਉੱਥੇ ਹਾਜਿਰ ਸੇਵਾਦਾਰ ਅਤੇ ਸੰਗਤ ਓਸ ਨੂੰ ਪਕੜ ਲੈਂਦੀ ਹੈ ਪੁੱਛਗਿੱਛ ਕਰਣ ਤੇ ਓਹ ਕਹਿੰਦਾ ਕਿ ਮੇਰੇ ਪਿੱਛੇ ਵਡੀਆਂ ਤਾਕਤਾਂ ਹਨ । ਫੜ ਹੋਣ ਮਗਰੋਂ ਇਸ ਦੀ ਤਲਾਸ਼ੀ ਵਿਚ ਬੀੜੀਆਂ, ਸਿਗਰਟਾਂ, ਤੰਬਾਕੂ ਅਤੇ ਲਾਈਟਰ ਨਿੱਕਲਦਾ ਹੈ । ਸੇਵਾਦਾਰ ਮਾਮਲੇ ਦੀ ਜਾਣਕਾਰੀ ਗੁਰਦਵਾਰਾ ਸਾਹਿਬ ਦੇ ਪ੍ਰਧਾਨ ਸਾਹਿਬ ਨੂੰ ਦੇ ਦੇਂਦਾ ਹੇ ਤੇ ਮਾਮਲਾ ਵਧਣ ਨਾਲ ਪੁਲਿਸ ਉੱਥੇ ਪਹੁੰਚਦੀ ਹੈ ਅਤੇ ਦੋਸ਼ੀ ਨੂੰ ਆਪਣੇ ਨਾਲ ਮਾਯਾ ਪੂਰੀ ਥਾਣੇ ਲੈ ਜਾਂਦੀ ਹੈ । ਸਿੱਖ ਭਾਈਚਾਰਾ ਵੱਡੀ ਗਿਣਤੀ ਵਿਚ ਉੱਥੇ ਹਾਜਿਰ ਹੋ ਕੇ ਆਪਣਾ ਰੋਸ ਪ੍ਰਗਟ ਕਰ ਰਿਹਾ ਸੀ । ਤਦ ਪੁਲਿਸ ਵਲੋਂ ਭਰੋਸਾ ਦਿਵਾਇਆ ਗਿਆ ਕਿ ਇਸ ਦੋਸ਼ੀ ਤੇ ਸਖ਼ਤ ਕਾਰਵਾਈ ਹੋਵੇਗੀ । ਮਾਮਲੇ ਦਾ ਪਤਾ ਲਗਦੇ ਹੀ ਇਸਦੇ ਪਰਿਵਾਰ ਵਾਲੇ ਓਸ ਦਾ ਮੈਡੀਕਲ ਕਾਗਜ ਲੈ ਕੇ ਥਾਣੇ ਪੁੱਜੇ ਤੇ ਕਹਿਣ ਲੱਗੇ ਕਿ ਇਸ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ । ਵਿਚਾਰਣ ਦੀ ਲੋੜ ਇਹ ਹੇ ਕਿ ਇਨ੍ਹਾਂ ਨੂੰ ਸਿਰਫ ਗੁਰਦੁਆਰਾ ਸਾਹਿਬ ਹੀ ਕਿਉਂ ਨਜ਼ਰ ਪੈਂਦੇ ਹਨ ਬੇਅਦਬੀਆਂ ਕਰਣ ਲਈ.? ਜਿਸ ਤਰ੍ਹਾਂ ਇਹ ਸਖਸ਼ ਕਹਿ ਰਿਹਾ ਕਿ ਮੇਰੇ ਪਿੱਛੇ ਵਡੀਆਂ ਤਾਕਤਾਂ ਹਨ ਕਿ ਉਨ੍ਹਾਂ ਦਾ ਪਤਾ ਲਗਾਇਆ ਜਾ ਸਕੇਗਾ ਜੋ ਦੇਸ਼ ਅੰਦਰ ਮਾਹੌਲ ਨੂੰ ਖਰਾਬ ਕਰਣ ਤੇ ਲੱਗੇ ਹੋਏ ਹਨ.? ਇਸ ਮੌਕੇ ਦਿੱਲੀ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਮੈਂਬਰ ਵਿਕੀ ਮਾਨ, ਇੰਦਰਜੀਤ ਸਿੰਘ ਮੌਂਟੀ ਅਤੇ ਵੱਡੀ ਗਿਣਤੀ ਅੰਦਰ ਸੰਗਤਾਂ ਹਾਜਿਰ ਸਨ ।

# 6 ਮਾਰਚ ਦੀ ਮੀਟਿੰਗ ਅਗਰ ਅਸਫਲ ਰਹੀ ਤਾਂ 7 ਮਾਰਚ ਤੋਂ ਸਿੱਖਿਆ ਵਿਭਾਗ ਮੋਹਾਲੀ ਮੂਹਰੇ ਲਗਾਵਾਂਗੇ ਪੱਕਾ ਧਰਨਾ : ਐਨ ਐਸ ਕਿਊ ਐਫ ਵੋਕੇਸਨਲ ਅਧਿਆਪਕ ਯੂਨੀਅਨ ਕਮੇਟੀ




ਚੌਕ ਮਹਿਤਾ 5 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ)–ਐਨ.ਐਸ.ਕਿਊ.ਐਫ ਵੋਕੇਸਨਲ ਅਧਿਆਪਕ ਯੂਨੀਅਨ ਨੇ ਕਿਹਾ ਕਿ 6 ਮਾਰਚ ਦੀ ਮੀਟਿੰਗ ਚ ਲੰਬੇ ਸਮੇਂ ਤੋਂ ਅਟਕ ਰਹੀਆਂ ਸਮੱਸਿਆਵਾ ਦਾ ਹੱਲ ਹੋਣ ਦੀ ਪੂਰੀ ਉਮੀਦ ਹੈ ਕਿਉਕਿ ਸਰਕਾਰ ਵੋਕੇਸਨਲ ਸਿੱਖਿਆ ਨੂੰ ਪਹਿਲ ਦੇ ਰਹੀ ਹੈ ਜਿਸ ਤੋ ਲੱਗਦਾ ਕਿ ਮਾਨਯੋਗ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਜੀ 6 ਮਾਰਚ ਦੀ ਮੀਟਿੰਗ ਚ ਵੱਡਾ ਐਲਾਨ ਕਰਨਗੇ ਗੌਰਤਲਬ ਹੈ ਕਿ ਐਨ.ਐਸ .ਕਿਊ.ਐਫ ਅਧਿਆਪਕਾਂ ਨੂੰ ਪਿਛਲੇ ਦੋ ਸਾਲਾਂ ਤੋਂ 5% ਤਨਖਾਹ ਵਾਧਾ ਵੀ ਨਹੀ ਮਿਲਿਆ ਜੋ ਕਿ ਕਾਂਗਰਸ ਸਰਕਾਰ ਸਮੇਂ ਹਰ ਵਰੇ ਮਿਲਦਾ ਹੁੰਦਾ ਸੀ॥ ਚੋਣਾਂ ਸਮੇਂ ਸਰਕਾਰ ਨੇ ਵਾਅਦਾ ਕੀਤਾ ਸੀ ਅਤੇ ਮੁੱਖ ਮੰਤਰੀ ਨੇ ਚੋਣਾਂ ਚ ਟਵੀਟ ਵੀ ਕੀਤਾ ਸੀ ਕਿ ਆਊਟਸੋਰਸ ਭਰਤੀ ਬੰਦ ਕਰਾਂਗੇ ਪਰ ਸਰਕਾਰ ਬਣਨ ਤੋਂ ਬਾਅਦ ਪ੍ਰਾਈਵੇਟ ਘਰਾਣਿਆਂ ਨੇ ਮੁੜ ਸਰਕਾਰੀ ਸਕੂਲਾਂ ਚ ਵੋਕੇਸਨਲ ਅਧਿਆਪਕਾ ਦੀ ਨਿਯੁਕਤੀ ਕੀਤੀ ਹੈ ਅਧਿਆਪਕ ਆਗੂਆਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਸਮੇਂ ਐਨ ਐਸ਼ ਕਿਊ ਐਫ ਅਧਿਆਪਕਾਂ ਦਾ ਵੱਡਾ ਯੋਗਦਾਨ ਸੀ ਪਰ ਸਰਕਾਰ ਬਣਨ ਤੋਂ ਬਾਅਦ ਮੰਤਰੀਆਂ ਦੇ ਲਾਰਿਆਂ ਤੋਂ ਬਿਨਾ ਕੁੱਝ ਨਹੀ ਮਿਲਿਆ ਪਰ ਹੁਣ ਆਖਿਰੀ ਆਸ 6 ਮਾਰਚ ਦੀ ਮੀਟਿੰਗ ਦੌਰਾਨ ਹੈ ਅਗਰ ਸਰਕਾਰ ਮੁੜ ਟਾਲ ਮਟੋਲ ਕਰਦੀ ਤਾਂ ਫਿਰ ਪੱਕਾ ਧਰਨੇ ਲੱਗਾ ਕਿ ਭੁੱਖ ਹੜਤਾਲ ਜਾਂ ਮਰਨ ਵਰਤ ਰੱਖਣ ਲਈ ਮਜਬੂਰ ਹੋਵਾਂਗੇ॥

ਆਵਾਜ਼ਿ ਕੌਮ AWAZE QAUM

### ਰਾਪੁਰ ਪਿੰਡ ਦੇ ਸੁਖਅੰਮ੍ਰਿਤ ਸਿੰਘ ਨੇ

# ਸਕੂਲ ਦਾ ਦਸਤਾਰ ਮੁਕਾਬਲਾ ਜਿੱਤਿਆ






ਫਗਵਾੜਾ ਤੋਂ ਨਕੋਦਰ ਸੜਕ ਤੇ ਸਰਹਾਲ਼ੀ, ਜਿਲਾ ਜਲੰਧਰ ਵਿਖੇ ਸਥਿੱਤ ਸਹਿਬਜਾਦਾ ਅਜੀਤ ਸਿੰਘ ਪਬਲਿੱਕ ਸਕੂਲ ਵਿਖੇ 17 ਫਰਵਰੀ 2024 ਨੂੰ ਦਸਤਾਰ ਮੁਕਾਬਲੇ ਕਰਵਾਏ ਗਏ। ਸਕੂ੍ਲ ਦੇ ਪ੍ਰਧਾਨ ਹਰਮਿੰਦਰ ਸਿੰਘ ਸਮਰਾ, ਡਾਇਰੈਕਟਰ ਰਘਬੀਰ ਸ਼ਿੰਘ ਅਤੇ ਪਰਿੰਸੀਪਲ ਜਤਿੰਦਰ ਕੌਰ ਜੀ ਹਰ ਇੱਕ ਸਾਲ ਦਸਤਾਰ ਮੁਕਾਬਲੇ ਕਰਾਉਂਦੇ ਹਨ ਜਿਸ ਲਈ ਇਹ ਸੱਭ ਵਧਾਈ ਦੇ ਪਾਤਰ ਹਨ।

ਇਸ ਸਾਲ ਦੇ ਮੁਕਾਬਲੇ ਵਿੱਚ 25 ਬੱਚਿਆਂ ਨੇ ਭਾਗ ਲਿਆ ਅਤੇ ਨਤੀਜੇ ਇਸ ਪ੍ਰਕਾਰ ਰਹੇ:

ਸੁਖਅੰਮ੍ਰਿਤ ਸਿੰਘ, 13 ਸਾਲ
ਗੁਰਨੂਰ ਸਿੰਘ , 14 ਸਾਲ
ਇੱਕਬਾਲ ਸਿੰਘ, 12 ਸਾਲ

ਇਹ ਦੂਜਾ ਸਾਲ ਹੈ ਜਦੋ ਕੁੱਕੜ ਪਿੰਡ ਦੇ ਨਜਦੀਕ ਪਿੰਡ ਰਾਪੁਰ ਫਰਾਲਾ ਦੇ ਵਸਨੀਕ ਸੁਖਅੰਮ੍ਰਿਤ ਸਿੰਘ ਨੇ ਸਕੂਲ ਦੇ ਮੁਕਾਬਲੇ ਵਿੱਚ ਭਾਗ ਲਿਆ ਹੈ। ਪਿਛਲੇ ਸਾਲ ਇਸਨੂੰ ਦੂਜਾ ਅਸਥਾਨ ਪ੍ਰਾਪਤ ਹੋਇਆ ਸੀ ਅਤੇ ਇਸ ਸਾਲ ਦਾ ਦਸਤਾਰ ਮੁਕਾਬਲਾ ਜਿੱਤਣ ਲਈ ਇਸਨੂੰ ਬਸੰਤ ਰੰਗ ਦੀ ਦਸਤਾਰ ਇਨਾਮ ਵਜੋ ਦੱਤੀ ਗਈ ਸੀ। ਦੂਜੇ ਅਤੇ ਤੀਜੇ ਨੰਬਰ ਤੇ ਆਉਣ ਵਾਲੇ ਮੁੰਡਿਆਂ ਨੂੰ ਕੇਸਰੀ ਰੰਗ ਦੀਆਂ ਦਸਤਾਰਾਂ ਦਿੱਤੀਆਂ ਗਈਆਂ।

ਸੁਖਅੰਮ੍ਰਿਤ ਸਿੰਘ ਦੇ ਦਾਦਾ ਜੀ ਹਰਦਿਆਲ ਸਿੰਘ ਝੁੱਟੀ, ਦਾਦੀ ਜੀ ਬਲਜੀਤ ਕੌਰ ਝੁੱਟੀ, ਮਾਤਾ ਪਿਤਾ ਅਤੇ ਸਾਰੇ ਹੀ ਪਰਿਵਾਰ ਨੂੰ ਬੇ-ਹੱਦ ਖੁਸ਼ੀ ਹੈ ਕਿ ਉਨ੍ਹਾ ਦੇ ਲਾਡਲੇ ਹਰਮਨ ਪਿਆਰੇ ਬੱਚੇ ਨੇ ਇਹ ਦਸਤਾਰ ਮੁਕਾਬਲਾ ਜਿੱਤਿਆ ਹੈ ਜਿਸ ਕਰਕੇ ਹੋਰਨਾ ਨੂੰ ਵੀ ਉਤਸ਼ਾਹ ਮਿਲਦਾ ਹੈ ਜਿਸ ਕਰਕੇ ਉਹ ਸਿੱਖਾਂ ਦੇ ਅਮੀਰ ਇਤਿਹਾਸ, ਧਰਮ ਅਤੇ ਵਿਰਸੇ ਨਾਲ ਜੁੜੇ ਰਹਿਣਗੇ।

ਭਾਈ ਹਰਦਿਆਲ ਸਿੰਘ ਝੁੱਟੀ ਦੇ ਮਾਸੀ ਦੇ ਲੜਕੇ ਭਾਈ ਤਰਲੋਚਨ ਸਿੰਘ ਵਿਰਕ ਸੰਚਾਲਕ ਪੰਜਾਬੀ ਲਿਸਨਰਜ ਕਲੱਬ, ਜੋ ਅਕਸਰ ਦੇਸ਼ ਵਿਦੇਸ਼ ਵਿੱਚ ਦਸਤਾਰ ਮੁਕਾਬਲੇ ਕਰਵਾਉਂਦੇ ਹਨ, ਨੇ ਆਪਣੇ ਸਾਰੇ ਹੀ ਪਰਿਵਾਰ ਵਲੋਂ ਸੁਖਅੰਮ੍ਰਿਤ ਅਤੇ ਸਮੂਹ ਝੁੱਟੀ ਪਰਿਵਾਰ ਨੂੰ ਵਧਾਈਆਂ ਦਿੱਤੀਆਂ-ਓਹ ਵੀ ਗੱਡੇ ਭਰ ਕੇ।

### ਹਲਕਾ ਫਿਰੋਜਪੁਰ ਦਿਹਾਤੀ ਵਿਖੇ ਚੋਣਾਂ ਸਬੰਧੀ ਤਿਆਰੀਆਂ ਸਬੰਧੀ ਮੀਟਿੰਗ

# ਡਰ ਰਹਿਤ ਚੋਣਾਂ ਕਰਵਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ—ਨਿਧੀ ਕੁਮੰਦ ਬੰਬਾਹ

**ਫ਼ਿਰੋਜ਼ਪੁਰ, 5 ਮਾਰਚ (ਮਨੋਹਰ ਲਾਲ) :—** ਆਗਾਮੀ ਲੋਕ ਸਭਾ ਚੋਣਾਂ 2024 ਦੇ ਸਨਮੁਖ ਜ਼ਿਲਾ ਚੋਣ ਅਫਸਰ ਕਮ—ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੇ ਦਿਸ਼ਾ—ਨਿਰਦੇਸ਼ਾਂ ਹੇਠ ਚੋਣਕਾਰ ਰਜਿਸਟ੍ਰੇਸ਼ਨ ਅਫਸਰ (77) ਫਿਰੋਜ਼ਪੁਰ ਦਿਹਾਤੀ (ਅ.ਜਾ.) ਕਮ ਵਧੀਕ ਡਿਪਟੀ ਕਮਿਸ਼ਨਰ (ਜ) ਡਾ: ਨਿਧੀ ਕੁਮੰਦ ਬੰਬਾਹ ਦੀ ਦੇਖ—ਰੇਖ ਵਿੱਚ ਫਿਰੋਜ਼ਪੁਰ ਦਿਹਾਤੀ (77) ਵਿੱਖੇ ਅੱਜ ਅਗਾਮੀ ਚੋਣਾਂ ਦੀ ਤਿਆਰੀ ਸਬੰਧੀ ਮੀਟਿੰਗ ਕੀਤੀ ਗਈ। ਇਸ ਮੌਕੇ ਹਲਕੇ ਦੇ ਸਮੂਹ ਸੈਕਟਰ ਮਜਿਸਟ੍ਰੈਟ ਨੇ ਭਾਗ ਲਿਆ ਅਤੇ ਇਸ ਸਬੰਧੀ ਨੁਕਤੇ ਸਾਂਝੇ ਕੀਤੇ ਗਏ। ਵਧੀਕ ਡਿਪਟੀ ਕਮਿਸ਼ਨਰ (ਜ) ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਡਰ ਰਹਿਤ ਚੋਣਾਂ ਕਰਵਾਉਣ ਲਈ ਹਰ ਸਭੰਵ ਯਤਨ ਕੀਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਅੱਜ ਦੀ ਇਸ ਮੀਟਿੰਗ ਵਿੱਚ ਬੂਥਾਂ ਦੀ 100 ਪ੍ਰਤੀਸ਼ਤ ਵੈਰੀਫਿਕੇਸ਼ਨ ਅਤੇ ਬੁਨਿਆਦੀ ਸਹੂਲਤਾਂ ਪੂਰੀਆਂ ਹੋਣ ਸਬੰਧੀ, 80 ਤੋਂ ਵੱਧ ਉਮਰ ਵਾਲੇ ਵੋਟਰਾਂ, ਪੀ.ਡਬਲਯੂ.ਡੀ ਵੋਟਰਾਂ ਦੀ ਸ਼ਨਾਖ਼ਤ, ਚੋਣ ਜ਼ਾਬਤਾ ਦੀ ਪਾਲਣਾ ਲਈ ਪਬਲਿਕ ਪ੍ਰੋਪਰਟੀ ਦੀ ਡਿਫੈਸਮੈਂਟ ਲਈ ਬਿਲਡਿੰਗਾਂ ਦੀ ਨਿਸ਼ਾਨਦੇਹੀ ਕਰਨ ਸਬੰਧੀ, ਅਜਿਹੇ ਬੂਥ ਦੀ ਸੂਚਨਾ ਜਿੱਥੇ ਕਿਸੇ ਵੀ ਕੰਪਨੀ ਦਾ ਨੈਟਵਰਕ ਨਾ ਹੋਵੇ, ਬੀ.ਐਲ.ਓ. ਐਪ ਤੇ ਲੋਗੀਚਿਊਡ ਅਤੇ ਬੂਥ ਦੀ ਫੋਟੋ ਅਪਡੇਟ ਕਰਨ ਸਬੰਧੀ ਏਜੰਡੇ ਤੇ ਵਿਚਾਰ ਸਾਂਝੇ ਕੀਤੇ। ਇਲੈਕਸ਼ਨ ਸੈਲ ਇੰਨਚਾਰਜ ਜਸਵੰਤ ਸੈਣੀ ਅਤੇ ਸਵੀਪ ਕੋਆਡਰੀਨੇਟਰ ਕਮਲ ਸ਼ਰਮਾ ਨੇ ਦੱਸਿਆ ਕਿ ਆ ਰਹੀਆਂ ਲੋਕ ਸਭਾ ਚੋਣਾਂ ਵਿੱਚ ਜ਼ਿਲ੍ਹਾ ਚੋਣ ਅਫਸਰ—ਕਮ—ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਅਤੇ ਏ.ਡੀ.ਸੀ ਮੈਡਮ ਨੇ ਖਾਸ ਤੌਰ ਤੇ ਇਹ ਹਦਾਇਤ ਜਾਰੀ ਕੀਤੀ ਹੈ ਕਿ ਜਿਹੜੇ ਵੀ ਅਧਿਕਾਰੀਆਂ ਜਾਂ ਕਰਮਚਾਰੀਆਂ ਦੀ ਡਿਊਟੀ ਚੋਣ ਅਮਲੇ ਵਿੱਚ ਆਉਂਦੀ ਹੈ, ਉਹ ਡਿਊਟੀ ਕਟਵਾਉਣ ਦਫਤਰ ਵਿੱਚ ਨਾ ਆਉਣ ਅਤੇ ਸਮਰਪਿਤ ਹੋ ਇਹ ਡਿਊਟੀ ਨਿਭਾਉਣ। ਇਸ ਮੀਟਿੰਗ ਵਿੱਚ ਸੈਕਟਰ ਅਫਸਰ ਕਮਲ ਗੋਇਲ, ਵਰਿੰਦਰ ਸਿੰਘ, ਦੀਪਕ ਕੁਮਾਰ, ਅਵਤਾਰ ਸਿੰਘ, ਉਪਿੰਦਰ ਸਿੰਘ, ਸਤਵਿੰਦਰ ਸਿੰਘ, ਸੰਜੀਵ ਗੁਪਤਾ, ਗੁਰਸਿਮਰਨ ਸਿੰਘ, ਨੀਰਜ ਸ਼ਰਮਾ, ਪ੍ਰਿੰਸੀਪਲ ਅਨਕੂਲ ਪੰਛੀ, ਸੁਖਵੰਤ ਸਿੰਘ, ਗੁਰਮੀਤ ਸਿੰਘ, ਵਿਕਰਮ ਸਿੰਘ, ਅਰਸ਼ਦੀਪ ਸਿੰਘ, ਰਸ਼ਿਪੰਦਰ ਸਿੰਘ, ਗੁਰਵੰਤ ਸਿੰਘ, ਗੁਰਮੀਤ ਸਿੰਘ ਨੇ ਭਾਗ ਲਿਆ। ਇਸ ਮੌਕੇ ਚੋਣ ਤਹਿਸੀਲਦਾਰ ਚਾਂਦ ਪ੍ਰਕਾਸ਼, ਜ਼ਿਲ੍ਹਾ ਸਵੀਪ ਕੋਆਰਡੀਨੇਟਰ ਸਤਿੰਦਰ ਸਿੰਘ, ਚੋਣ ਕਾਨੂੰਗੋ ਮੈਡਮ ਗਗਨ, ਸਵੀਪ ਕੋਆਰਡੀਨੇਟਰ ਲਖਵਿੰਦਰ ਸਿੰਘ, ਅੰਗਰੇਜ ਸਿੰਘ, ਪ੍ਰੋਗਰਾਮਰ ਤ੍ਰਲੋਚਨ ਸਿੰਘ, ਪੀਪਲ ਸਿੰਘ, ਸੁਖਚੈਨ ਸਿੰਘ, ਹਿਮਾਂਸ਼ੂ, ਸਨੀ ਸੈਨ, ਸੁਨੀਲ ਕੁਮਾਰ, ਰਾਜਿੰਦਰ ਕੁਮਾਰ ਆਦਿ ਹਾਜ਼ਰ ਸਨ।



# "ਪੁੱਤਾਂ ਦਾ ਸਿਆਸੀ ਭਵਿੱਖ ਸਵਾਰਨ ਲਈ ਗ਼ੈਰ ਸਿਧਾਂਤਕ ਸਮਝੌਤੇ ਹੋ ਰਹੇ"

**ਚੰਡੀਗੜ੍ਹ, 5 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਸੀਨੀਅਰ ਆਗੂ ਭਾਈ ਮੋਹਕਮ ਸਿੰਘ ਅਤੇ ਜਨਰਲ ਸਕੱਤਰ ਸ ਮਨਜੀਤ ਸਿੰਘ ਭੋਮਾ ਨੇ ਦੋਸ਼ ਲਾਇਆ ਹੈ ਅਕਾਲੀ ਲੀਡਰਸ਼ਿਪ ਆਪਣੀ ਗੈਰੀ ਹੋਈ ਸਾਖ਼ ਬਚਾਉਣ ਲਈ ਅਤੇ ਆਪੋਂ ਆਪਣੇ ਪੁੱਤਾਂ ਦਾ ਸਿਆਸੀ ਭਵਿੱਖ ਸਵਾਰਨ ਲਈ ਗ਼ੈ.ਰ ਸਿਧਾਂਤਕ ਸਮਝੌਤੇ ਕਰ ਰਹੀ ਹੈ। ਜਿਵੇਂ ਅੱਜ ਸ ਸੁਖਦੇਵ ਸਿੰਘ ਢੀਂਡਸਾ ਨੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਸਿਧਾਂਤਾਂ ਤੇ ਲੀਡਰਸ਼ਿਪ ਤੋਂ ਬਾਗ਼.ੀ ਹੋ ਕੇ ਪੁੱਤ ਮੋਹ ਅੱਗੇ ਗੋਡੇ ਟੇਕ ਕੇ ਇੱਕ ਨਿਗੂਣੀ ਟਿਕਟ ਦੀ ਖ਼ਾਤਰ ਸਾਰੀ ਪਾਰਟੀ ਦਾਅ ਤੇ ਲੱਗਾਕੇ ਸ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ਼ ਮੁੜ੍ਹ ਰੇਲੇਵਾਂ ਕਰ ਲਿਆ ਹੈ । ਰਲੇਵੇਂ ਤੋਂ ਬਾਅਦ ਉਪਤੰਨ ਹੋਈ ਸਥਿਤੀ ਤੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੀ ਸੀਨੀਅਰ ਲੀਡਰਸ਼ਿਪ ਨਾਲ ਸਮੂਹਿਕ ਤੌਰ ਤੇ ਵੀਚਾਰ ਵਟਾਂਦਰਾ ਕਰਨ ਲਈ ਕੱਲ੍ਹ 6 ਮਾਰਚ ਨੂੰ ਜਲੰਧਰ ਵਿਖੇ 2 ਵਜੇ ਪਾਰਟੀ ਦੇ ਸੀਨੀਅਰ ਆਗੂਆਂ ਦੀ ਇੱਕ ਅਹਿਮ ਮੀਟਿੰਗ ਬੁਲਾਈ ਗਈ ਹੈ। ਮੀਟਿੰਗ ਦਾ ਸਥਾਨ ਸਾਰਿਆਂ ਨੂੰ ਫ਼ੋਨ ਤੇ ਦੱਸ ਦਿੱਤਾ ਗਿਆ ਹੈ । ਇਸ ਸੰਬੰਧੀ ਪ੍ਰੈਸ ਨੂੰ ਜਾਣਕਾਰੀ ਦੇਂਦਿਆਂ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਸੀਨੀਅਰ ਆਗੂ ਭਾਈ ਮੋਹਕਮ ਸਿੰਘ ਤੇ ਜਰਨਲ ਸਕੱਤਰ ਮਨਜੀਤ ਸਿੰਘ ਭੋਮਾ ਨੇ ਦੱਸਿਆ ਕੱਲ੍ਹ ਦੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਦੀ ਪ੍ਰੈਸ ਨੂੰ ਜਾਣਕਾਰੀ ਦੇਣ ਲਈ ਸਮੁੱਚੀ ਲੀਡਰਸ਼ਿਪ ਵਲੋਂ ਕੱਲ੍ਹ 6 ਮਾਰਚ ਨੂੰ ਚਾਰ ਵਜੇ ਪ੍ਰੈਸ ਕਲੱਬ ਜਲ਼ੰਧਰ ਵਿਖੇ ਪ੍ਰੈਸ ਕਾਨਫਰੰਸ ਬੁਲਾਈ ਗਈ ਹੈ। ਉਹਨਾਂ ਦੱਸਿਆ ਕਿ ਸ ਸੁਖਦੇਵ ਸਿੰਘ ਢੀਂਡਸਾ ਨੇ ਬਾਦਲਾਂ ਤੋਂ ਵੱਖ ਹੋਣ ਤੋਂ ਬਾਅਦ ਇਹ ਐਲਾਨ ਕੀਤਾ ਸੀ ਕਿ ਉਹ ਕਦੇ ਵੀ ਸ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਬਾਦਲਾਂ ਨਾਲ਼ ਏਕਤਾ ਨਹੀਂ ਕਰਨਗੇ। ਪਰ ਅੱਜ ਉਹਨਾਂ ਨੇ ਸਾਰੇ ਸਿਧਾਂਤਾਂ ਨੂੰ ਛਿੱਕੇ ਤੇ ਟੰਗ ਕੇ ਮੁੜ੍ਹ ਗੁਰੂ ਤੇ ਪੰਥ ਦੋਖੀ ਸ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਕਬੂਲਕੇ ਏਕਤਾ ਕਰ ਲਈ ਹੈ । ਜਿਹਨਾਂ ਕਾਰਨਾਂ ਕਰਕੇ ਢੀਂਡਸੇ ਬਾਦਲਾਂ ਤੋਂ ਵੱਖ ਹੋਏ ਸਨ। ਉਹ ਕਾਰਨ ਤੇ ਮੁੱਦੇ ਅੱਜ ਵੀ ਜਿਉਂ ਦੇ ਤਿਉਂ ਕਾਇਮ ਹਨ। ਉਹਨਾਂ ਦੱਸਿਆ ਕਿ ਪਾਰਟੀ ਦੀ 60 ਪ੍ਰਤੀਸ਼ਤ ਤੋਂ ਵੱਧ ਲੀਡਰਸ਼ਿਪ ਉਹਨਾਂ ਦੇ ਸੰਪਰਕ ਵਿੱਚ ਹੈ। ਅੱਜ ਢੀਡਸਿਆਂ ਨਾਲ਼ ਗ਼ੈ.ਰ ਸਿਧਾਂਤਕ ਚੰਦ ਟਿਕਟੂ ਆਗੂ ਹੀ ਅੱਜ ਸ਼ਾਮਲ ਹੋਏ ਹਨ। ਉਹਨਾਂ ਕਿਹਾ ਭਵਿੱਖ ਵਿੱਚ ਜਲਦੀ ਹੀ ਨੌਜਵਾਨ ਪੰਥਕ ਲੀਡਰਸ਼ਿਪ ਖੜ੍ਹੀ ਕੀਤੀ ਜਾਵੇਗੀ।




# ਘੁਮਾਣ ਵਿਖੇ ਛਿੰਪੀ ਅਤੇ ਦਰਜੀ ਸਮਾਜ ਦੀ ਦੋ ਰੋਜ਼ਾ ਮਹਾਂ ਸਭਾ ਸਮਾਪਤ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ 5 ਮਾਰਚ ਕੁਲਜੀਤ ਸਿੰਘ ਖੋਖਰ**-ਸ਼੍ਰੋਮਣੀ ਭਗਤ ਨਾਮਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਸ੍ਰੀ ਨਾਮਦੇਵ ਨਗਰ(ਘੁਮਾਣ) ਵਿਖੇ ਸ਼੍ਰੀ ਨਾਮਦੇਵ ਭਵਨ ਵਿੱਚ ਭਗਤੀ ਸੰਪਰਦਾਏ ਸੰਘ ਅਤੇ ਅਖਿਲ ਭਾਰਤੀ ਨਾਮਦੇਵ ਖੇਤਰੀ ਮਹਾਂ ਸੰਘ ਨਵੀਂ ਦਿੱਲੀ ਵੱਲੋਂ ਸਮੂਹ ਸਿੱਪੀ ਤੇ ਦਰਜੀ ਸਮਾਜ ਦੀ ਦੋ-ਰੋਜ਼ਾ ਮਹਾਂ ਸਭਾ ਕਾਨਫਰੰਸ ਕੀਤੀ ਗਈ ।ਮਹਾਂ ਸਭਾ ਦੇ ਦੂਸਰੇ ਦਿਨ ਵੀ ਵੱਖ-ਵੱਖ ਸੂਬਿਆਂ ਤੋਂ ਵੱਡੀ ਗਿਣਤੀ ’ਚ ਸੰਗਤਾਂ ਨੇ ਸ਼ਿਰਕਤ ਕੀਤੀ ।ਇਸ ਮਹਾਂ ਸਭਾ ਵਿੱਚ ਵੱਖ-ਵੱਖ ਬੁਲਾਰਿਆਂ ਨੇ ਸੰਤ ਸ਼੍ਰੋਮਣੀ ਸ਼੍ਰੀ ਨਾਮਦੇਵ ਮਹਾਰਾਜ ਜੀ ਦਾ ਜਨਮ ਉਤਸਵ ਅਤੇ ਸਮਾਧੀ ਸਮਾਰੋਹ ਮਿਤੀਆਂ ਦੇ ਅਨੁਸਾਰ ਕੌਮੀ ਪੱਧਰ ਉੱਤੇ ਹਰ ਸਾਲ ਮਨਾਏ ਜਾਣ ਆਦਿ ’ਤੇ ਵਿਚਾਰ ਚਰਚਾ ਕੀਤੀ। ਇਸ ਮੌਕੇ ਸਰਪੰਚ ਘੁਮਾਣ ਨਰਿੰਦਰ ਕੁਮਾਰ ਨਿੰਦੀ,ਸਕੱਤਰ ਸੁਖਜਿੰਦਰ ਸਿੰਘ ਲਾਲੀ, ਮਨਜਿੰਦਰ ਸਿੰਘ ਬਿੱਟੂ, ਸਰਬਜੀਤ ਸਿੰਘ ਬਾਵਾ,ਰਾਜਪਾਲ ਰੋਹੀਲਾ ਕੈਸ਼ੀਅਰ ਦਿੱਲੀ,ਬੀਕਾ ਜੀ ਗਣਬਾਵਲੇ ਕੋਲਹਾਪੁਰ,ਜਵਾਲਾ ਪ੍ਰਸਾਦ ਨਾਮਦੇਵ ਬਿਲਾਸਪੁਰ, ਸਕੱਤਰ ਮਹਾਦੇਵ ਰਾਵ ਖਟਾਵਕਰ ਜੈ ਸਿੰਘ ਪੁਰ, ਖਿਮਜੀ ਭਾਈ ਪਠਾੜੀਆ ਮੁੰਬਈ, ਸੁਰਿੰਦਰ ਸਾਵਖੇੜੇ ਨਾਗਪੁਰ ਆਦਿ ਹਾਜ਼ਿਰ ਸਨ।

# ਘਰ ਘਰ ਜਾਕੇ ਬੱਚਿਆਂ ਨੂੰ ਪਿਲਾਈਆ ਗਈਆ ਪਲੱਸ ਪੋਲੀਉ ਦੀਆਂ ਬੂੰਦਾਂ ਚੌਕ ਮਹਿਤਾ 5 ਮਾਰਚ( ਬਾਬਾ ਸੁਖਵੰਤ ਸਿੰਘ ਚੰਨਣਕੇ )5 ਸਾਲ ਤਕ ਦੇ ਬੱਚਿਆਂ ਨੂੰ ਪਿਲਾਈਆਂ ਪੋਲੀਓ ਰੋਕੂ ਬੂੰਦਾਂ



ਦੋ ਬੂੰਦਾਂ ਹਰ ਵਾਰ ਪੋਲਿਓ ਤੇ ਰਹੇ ਜਿੱਤ ਬਰਕਰਾਰ ਨੂੰ ਸਾਰਥਕ ਕਰਨ ਦੇ ਮਨੋਰਥ ਨਾਲ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵਲੋ ਅੱਜ 3 ਦਿਨਾਂ ਤੱਕ ਚੱਲਣ ਵਾਲੇ ਪਲਸ ਪੋਲੀਓ ਅਭਿਆਨ ਤਹਿਤ ਸਿਵਲ ਸਰਜਨ ਡਾ ਵਿਜੇ ਕੁਮਾਰ ਜੀ ਦੇ ਦਿਸਾ ਨਿਰਦੇਸਾਂ ਅਤੇ ਐਸ. ਤਰਸਿੱਕਾ ਡਾ ਮੋਨਾ ਚਥਰਥ ਜੀ ਦੀ ਅਗਵਾਈ ਹੇਠ ਸੀ. ਐਚ. ਸੀ.ਤਰਸਿੱਕਾ ਅਧੀਨ ਵੱਖ ਵੱਖ ਪਿੰਡਾ ਵਿੱਚ ਕੁਲ 11000 ਦੇ ਕਰੀਬ 0 ਤੋ 5 ਸਾਲ ਤੱਕ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆ ਗਈਆ ਇਸ ਦੋਰਾਨ SMO ਤਰਸਿੱਕਾ ਡਾ ਮੋਨਾ ਚਥਰਥ ਜੀ ਵਲੋ ਵੱਖ ਵੱਖ ਪਿੰਡਾਂ ਵਿੱਚ ਅਤੇ ਭੱਠੇ ਅਤੇ ਪਰਵਾਸੀ ਮਜਦੂਰਾਂ ਦੀਆਂ ਬਸਤੀਆਂ ਆਦਿ ਨੂੰ ਚੈਕ ਕੀਤਾ ਗਿਆ ਇਸ ਮੋਕੇ ਨੋਡਲ ਅਫਸਰ ਡਾ. ਸਤਪਰੀਤ ਸਿੰਘ ਗੁਰਮੁੱਖ ਸਿੰਘ 255 383 ਤਰਸਿਕਾ ਯੋਗੇਸ ਕੁਮਾਰ CHO ਕੁਲਵਿੰਦਰ ਸਿੰਘ MPHW ਹਾਜ਼ਰ ਸਨ

# ਛੇ ਸਾਲ ਬਾਅਦ ਸੁਖਦੇਵ ਸਿੰਘ ਢੀਂਡਸਾ ਨੇ ਕੀਤੀ ਅਕਾਲੀ ਦਲ 'ਚ ਵਾਪਸੀ









**ਚੰਡੀਗੜ੍ਹ, 5 ਮਾਰਚ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮਤਭੇਦ ਕਾਰਣ ਵੱਖ ਹੋਏ ਸੁਖਦੇਵ ਸਿੰਘ ਢੀਂਡਸਾ ਨੇ ਛੇ ਸਾਲ ਬਾਅਦ ਘਰ ਵਾਪਸੀ ਕਰ ਲਈ ਹੈ। ਅਕਾਲੀ ਵਿਚ ਵਾਪਸੀ ਕਰਦਿਆਂ ਢੀਂਡਸਾ ਨੇ ਅਕਾਲੀ ਦਲ ਵਿਚ ਆਪਣੀ ਪਾਰਟੀ ਦਾ ਰਲੇਵਾਂ ਕਰ ਦਿੱਤਾ ਹੈ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਅੱਜ ਜੋ ਹਾਲਾਤ ਬਣ ਗਏ ਹਨ, ਅਜਿਹੇ 'ਚ ਇੱਕੋ ਮੰਗ ਹੈ ਕਿ ਪੰਥ ਨੂੰ ਮਜ਼ਬੂਤ ਕੀਤਾ ਜਾਵੇ। ਇਹ ਤਾਂ ਹੀ ਹੋਵੇਗਾ ਕਿ ਜੇ ਅਸੀਂ ਇਕੱਠੇ ਹੋਵਾਂਗੇ। ਸ਼੍ਰੋਮਣੀ ਅਕਾਲੀ ਦਲ ਪੰਥ ਦਾ ਸਿਆਸੀ ਵਿੰਗ ਹੈ, ਜੇ ਸ਼੍ਰੋਮਣੀ ਅਕਾਲੀ ਦਲ ਤਗੜਾ ਹੋਵੇਗਾ ਤਾਂ ਇਸ ਨਾਲ ਪੰਥ ਤਗੜਾ ਹੋਵੇਗਾ।ਅੱਜ ਜੋ ਪੰਜਾਬ ਦਾ ਹਾਲ ਹੈ ਇਸ ਨੂੰ ਬਚਾਉਣਾ ਸਾਡੀ ਜ਼ਿੰਮੇਵਾਰੀ ਬਣਦੀ ਹੈ। ਢੀਂਡਸਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਮੇਰਾ ਪੁੱਤਰ ਵਰਗਾ ਹੈ, ਮੈਂ ਹੀ ਇਨ੍ਹਾਂ ਨੂੰ ਪ੍ਰਮੋਟ ਕੀਤਾ ਸੀ, ਉਨ੍ਹਾਂ ਦੀ ਸੁਖਬੀਰ ਨਾਲ ਕੋਈ ਨਿੱਜੀ ਰੰਜਿਸ਼ ਨਹੀਂ ਹੈ, ਜਿਹੜੇ ਵੀ ਮਸਲੇ ਹਨ ਉਨ੍ਹਾਂ ਨੂੰ ਬੈਠ ਕੇ ਹੱਲ ਕਰ ਲਿਆ ਜਾਵੇਗਾ।ਪੰਥ ਨੂੰ ਨੀਂਹਾਂ 'ਤੇ ਲੈ ਕੇ ਆਉਣਾ ਇਹੋ ਮਕਸਦ ਹੈ। ਢੀਂਡਸਾ ਨੇ ਕਿਹਾ ਕਿ ਪੰਜਾਬ ਦੇ ਹਾਲਾਤ ਕੱਲ੍ਹ ਪੰਜਾਬ ਦੀ ਅਸੈਂਬਲੀ ਵਿਚ ਦੇਖ ਲਏ ਹਨ। ਰੋਜ਼ਾਨਾ ਪੰਜਾਬ ਵਿਚ ਵਾਰਦਾਤਾਂ ਹੋ ਰਹੀਆਂ ਹਨ। ਕੋਈ ਵੀ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝ ਰਿਹਾ। ਮੁੱਖ ਪਾਰਟੀ ਹੋਣ ਦੇ ਨਾਤੇ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਇਕੱਠੇ ਹੋਈਏ ਅਤੇ ਪੰਜਾਬ ਦੇ ਭਲੇ ਲਈ ਕੰਮ ਕਰੀਏ। ਢੀਂਡਸਾ ਨੇ ਕਿਹਾ ਕਿ ਚੋਣਾਂ ਤੋਂ ਬਾਅਦ ਪਾਰਟੀ ਢਾਂਚੇ ਦਾ ਮੁੜ ਗਠਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਸ ਸਮੇਂ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੁਆਫ਼ੀ ਮੰਗੀ ਸੀ, ਉਸ ਸਮੇਂ ਅਸੀਂ ਪਾਰਟੀ ਦੀ ਪੰਜ ਮੈਂਬਰੀ ਕਮੇਟੀ ਬਣਾਈ, ਜਿਸ ਨੇ ਸਾਰੇ ਪੰਜਾਬ ਵਿਚ ਜਾ ਕੇ ਵਰਕਰਾਂ ਦੀ ਫੀਡ ਬੈਕ ਲਈ, ਜਿਸ ਵਿਚ ਬਹੁਗਿਣਤੀ ਵਰਕਰਾਂ ਨੇ ਇਹੋ ਕਿਹਾ ਕਿ ਜਦੋਂ ਤੱਕ ਦੋਵੇਂ ਧੜੇ ਇਕੱਠੇ ਨਹੀਂ ਹੁੰਦੇ ਉਦੋਂ ਤਕ ਕੁੱਝ ਨਹੀਂ ਹੋ ਸਕਦਾ। ਇਸ ਤੋਂ ਬਾਅਦ ਮੀਟਿੰਗ ਬੁਲਾ ਕੇ ਸਾਰਿਆਂ ਨਾਲ ਮਸ਼ਵਰਾ ਕੀਤਾ ਗਿਆ, ਜਿਸ ਤੋਂ ਬਾਅਦ ਇਹ ਫੈਸਲਾ ਲਿਆ ਗਿਆ। ਢੀਂਡਸਾ ਪਰਿਵਾਰ ਦੀ ਪਾਰਟੀ 'ਚ ਵਾਪਸੀ 'ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਛੱਡ ਕੇ ਗਏ ਸਾਰੇ ਆਗੂਆਂ ਨੂੰ ਉਹ ਹੱਥ ਜੋੜ ਕੇ ਬੇਨਤੀ ਕਰਦੇ ਹਨ ਕਿ ਉਹ ਗਿਲੇ ਸ਼ਿਕਵੇ ਭੁਲਾ ਕੇ ਵਾਪਸ ਆ ਜਾਣ।



ਸੁਖਬੀਰ ਨੇ ਕਿਹਾ ਕਿ ਸਿਰਫ ਅਕਾਲੀ ਦਲ ਦਲ ਹੀ ਖੇਤਰੀ ਪਾਰਟੀ ਹੈ, ਬਾਕੀ ਸਾਰੀਆਂ ਪਾਰਟੀਆਂ ਪੰਜਾਬ ਤੋਂ ਬਾਹਰੀ ਹਨ। ਸ਼੍ਰੋਮਣੀ ਅਕਾਲੀ ਨੇ ਪੰਜਾਬ ਲਈ ਵੱਡੀਆਂ ਲੜਾਈਆਂ ਲੜੀਆਂ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੀ ਲਗਭਗ 40-50 ਸਾਲ ਤੱਕ ਅਗਵਾਈ ਕੀਤੀ।ਇਸ ਸੰਘਰਸ਼ ਭਰੇ ਸਫਰ ਵਿਚ ਢੀਂਡਸਾ ਸਾਹਿਬ, ਭੂੰਦੜ ਸਾਹਿਬ, ਬ੍ਰਹਮਪੁਰਾ ਵਰਗੇ ਭਰਾਵਾਂ ਨੇ ਡੱਟਵਾਂ ਸਾਥ ਦਿੱਤਾ ਅਤੇ ਆਪਣੀ ਸਖ਼ਤ ਮਿਹਨਤ ਸਦਕਾ ਤਿਨਕਾ ਤਿਨਕਾ ਕਰਕੇ ਪਾਰਟੀ ਇਕੱਠੀ ਕੀਤੀ। ਇਨ੍ਹਾਂ ਬਜ਼ੁਰਗਾਂ ਦੀ ਮਿਹਨਤ ਕਰਕੇ ਹੀ ਅਕਾਲੀ ਦਲ ਬਣਿਆ ਸੀ। ਸੁਖਦੇਵ ਸਿੰਘ ਢੀਂਡਸਾ ਤੇ ਉਨ੍ਹਾਂ ਦੇ ਪਰਿਵਾਰ ਦਾ ਅਕਾਲੀ ਦਲ ਨੂੰ ਖੜ੍ਹਾ ਕਰਨ ਵਿਚ ਵੱਡਾ ਯੋਗਦਾਨ ਹੈ।ਬਾਦਲ ਸਾਹਿਬ ਤੋਂ ਬਾਅਦ ਸੁਖਦੇਵ ਢੀਂਡਸਾ ਸਭ ਤੋਂ ਸੀਨੀਅਰ ਹਨ। ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਸਰਪ੍ਰਸਤ ਸਨ, ਹੁਣ ਢੀਂਡਸਾ ਸਾਹਿਬ ਅਕਾਲੀ ਦਲ ਦੇ ਸਰਪ੍ਰਸਤ ਦੀ ਸੇਵਾ ਸੰਭਾਲ ਕੇ ਪਾਰਟੀ ਨੂੰ ਮਾਰਗ ਦਰਸ਼ਕ ਕਰਦੇ ਰਹਿਣ। ਉਨ੍ਹਾਂ ਕਿਹਾ ਕਿ ਪਾਰਟੀ ਛੱਡ ਕੇ ਗਏ ਆਗੂਆਂ ਤੋਂ ਉਹ ਹੱਥ ਜੋੜ ਕੇ ਮੁਆਫੀ ਮੰਗਦੇ ਹਨ। ਉਹ ਗੁੱਸੇ ਗਿਲੇ ਭੁਲਾ ਕੇ ਪੰਜਾਬ ਤੇ ਕੌਮ ਨੂੰ ਬਚਾਉਣ ਲਈ ਅੱਗੇ ਆਉਣ। ਜੇ ਇਕੱਠੇ ਹੋਵਾਂਗੇ ਤਾਂ ਹੀ ਮੁਕਾਬਲਾ ਕਰ ਸਕਾਂਗੇ। ਇਕੱਠੇ ਹੋ ਕੇ ਵੱਡੀ ਤਾਕਤ ਬਣ ਕੇ ਮੈਦਾਨ ਵਿਚ ਆਵਾਂਗੇ। ਇਸ ਦੌਰਾਨ ਸੁਖਬੀਰ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਵੀ ਵੱਡੇ ਸ਼ਬਦੀ ਹਮਲੇ ਬੋਲੇ। ਉਨ੍ਹਾਂ ਕਿਹਾ ਕਿ ਇਹੋ ਜਿਹਾ ਨਿਕੰਮਾ ਮੁੱਖ ਮੰਤਰੀ ਪੰਜਾਬ ਨਹੀਂ ਸਗੋਂ ਹਿੰਦੁਸਤਾਨ ਦੇ ਇਤਿਹਾਸ ਵਿਚ ਨਹੀਂ ਹੋਇਆ ਹੈ। ਮੁੱਖ ਮੰਤਰੀ ਨੂੰ ਨਾ ਅਸੈਂਬਲੀ ਦੀ ਮਰਿਆਦਾ ਦਾ ਪਤਾ ਹੈ ਤੇ ਨਾ ਹੀ ਪਰੋਟੋਕੋਲ ਦਾ, ਜੇ ਉਨ੍ਹਾਂ ਨੂੰ ਸਿਸਟਮ ਦਾ ਨਹੀਂ ਪਤਾ ਤਾਂ 25 ਸਾਲ ਮੁੱਖ ਮੰਤਰੀ ਰਹੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀਆਂ ਪੁਰਾਣੀਆਂ ਵੀਡੀਓ ਦੇਖ ਲੈਣ ਕਿ ਕਿਵੇਂ ਮੁੱਖ ਮੰਤਰੀ ਦਾ ਲਹਿਜ਼ਾ ਹੁੰਦਾ ਹੈ। ਪੰਜਾਬ ਸਰਕਾਰ ਨੇ ਅੱਜ ਦੋ ਲੱਖ ਕਰੋੜ ਦਾ ਬਜਟ ਪੇਸ਼ ਕੀਤਾ ਪਰ ਇਸ ਬਜਟ ਵਿਚ ਵੀ ਔਰਤਾਂ ਨੂੰ 1000 ਰੁਪਏ ਨਹੀਂ ਦਿੱਤਾ ਗਿਆ। ਨੌਜਵਾਨਾਂ ਲਈ ਬਜਟ ਵਿਚ ਕੁੱਝ ਨਹੀਂ, ਇਸ ਬਜਟ ਨੇ ਸੂਬਾ ਤਬਾਹ ਕਰ ਦਿੱਤਾ ਹੈ।

# ਸ੍ਰ.ਇੰਦਰਜੀਤ ਸਿੰਘ ਗਰੋਵਰ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ) ਦੇ ਪ੍ਰਧਾਨ ਨਿਯੁਕਤ





ਚੌਕ ਮਹਿਤਾ, 5 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ )-ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਰਜਿ ਗੁਰਦਆਰਾ ਸੈਕਟਰ 34 ਚੰਡੀਗੜ੍ਹ ਵਿਖੇ ਮੈਂਬਰ ਸਾਹਿਬਾਨ ਦੀ ਸਲਾਨਾ ਮੀਟਿੰਗ ਦੀ ਸ਼ੁਰੂਆਤ ਸੋਸਾਇਟੀ ਦੇ ਵਿਦਿਆਰਥੀਆਂ ਵਲੋਂ ਸ਼ਬਦ ਕੀਰਤਨ ਅਰਦਾਸ ਉਪਰੰਤ ਸੋਸਾਇਟੀ ਦੀਆਂ ਗਤੀਵਿਧੀਆਂ ਦੀ ਸਲਾਨਾ ਬਜਟ ਨਿਯਮ ਅਨੁਸਾਰ ਹਰ ਦੋ ਸਾਲ ਬਾਅਦ ਨਵੇਂ ਪ੍ਰਧਾਨ ਦੀ ਚੋਣ ਅਤੇ ਸੋਸਾਇਟੀ ਦੀ ਬਿਲਡਿੰਗ ਤੇ ਬਿਜਲੀ ਵਰਤੋ ਲਈ ਸੋਲਰ ਸਿਸਟਮ ਲਗਾਉਣ ਦੀ ਪ੍ਰਵਾਨਗੀ ਦਾ ਮਤਾ ਪਾਸ ਕਰਨ ਲਈ ਵਿਚਾਰ ਕੀਤੇ ਗਏ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਅਹੁਦੇਦਾਰਾਂ ਵਲੋ ਵੱਖ ਵੱਖ ਏਜੰਡੇ ਪੜੇ ਗਏ ਅਤੇ ਸ੍ਰ ਕਰਨੈਲ ਸਿੰਘ ਰਿਟਾ ਮੇਜਰ ਜਨਰਲ ਵਲੋ ਸੰਗਤਾਂ ਵਿੱਚ ਨਵੇਂ ਪ੍ਰਧਾਨ ਦੀ ਚੋਣ ਬਾਰੇ ਨਾਮ ਪੇਸ਼ ਕੀਤੇ ਗਏ ਅਤੇ ਸੰਗਤਾਂ ਵਲੋ ਸ੍ਰ ਇੰਦਰਜੀਤ ਸਿੰਘ ਗਰੋਵਰ ਲਈ ਨਵੇਂ ਪ੍ਰਧਾਨ ਦੀ ਚੋਣ ਕਰਨ ਲਈ ਜੈਕਾਰਾ ਛੱਡਿਆ ਮੀਟਿੰਗ ਦੇ ਅਖੀਰਲੇ ਪੜਾਅ ਵਿੱਚ ਸ੍ਰ ਡੀ ਪੀ ਸਿੰਘ ਸਾਬਕਾ ਸੀ ਈ ਓ ਤਖਤ ਸ੍ਰੀ ਹਜ਼ੂਰ ਸਾਹਿਬ ,ਸਾਬਕਾ ਡੀ ਜੀ ਐਮ ਪੰਜਾਬ ਐਂਡ ਸਿੰਧ ਬੈਂਕ , ਸੋਸਾਇਟੀ ਦੇ ਫਾਉਂਡਰ ਮੈਂਬਰ,ਸਾਬਕਾ ਪ੍ਰਧਾਨ ਅਤੇ ਐਡਵਾਇਜਰ ਵਲੋ ਆਈਆ ਸੰਗਤਾਂ ਵਲੋ ਦਿੱਤੀ ਗਈ ਦਾਨ ਰਾਸ਼ੀ ਅਤੇ ਗੁਰਦਆਰਾ ਸਾਹਿਬ ਦੀ ਮੈਨੇਜਮੈਂਟ ਦੇ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ ਇਸ ਮੌਕੇ ਸ੍ਰ ਡੀ ਪੀ ਸਿੰਘ ਨੇ ਸ੍ਰ ਇੰਦਰਜੀਤ ਸਿੰਘ ਗਰੋਵਰ ਨੂੰ ਪ੍ਰਧਾਨਗੀ ਦੀ ਵਧਾਈ ਦੇ ਨਾਲ ਸੋਸਾਇਟੀ ਦੀ ਸੇਵਾ ਸੰਭਾਲਣ ਤੇ ਸ਼ੁਭ ਕਾਮਨਾਵਾਂ ਦਿੱਤੀਆਂ।

# ਗੁਰਦੁਆਰਾ ਸਿੱਖ ਸੈਂਟਰ ਦੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਦੇ ਸਹਿਯੋਗ ਨਾਲ ਸਿੱਖ ਪਰਿਵਾਰਿਕ ਕੋਰਸ ਕਰਵਾਇਆ ਜਿਸ ਵਿੱਚ ਬੱਚਿਆਂ ਅਤੇ ਮਾਂਪਿਆਂ ਦੀ ਵੱਡੀ ਗਿਣਤੀ ਨੇ ਹਿੱਸਾ ਲਿਆ

ਨਵੀਂ ਦਿੱਲੀ 5 ਮਾਰਚ (ਮਨਪ੍ਰੀਤ ਸਿੰਘ ਖਾਲਸਾ):- ਵਰਲਡ ਸਿੱਖ ਪਾਰਲੀਮੈਂਟ ਦੀ ਐਜੂਕੇਸ਼ਨ ਕੌਂਸਲ ਦੇ ਕਨਵੀਨਰ ਅਤੇ ਖਾਲਸਾ ਫਾਊਂਡੇਸ਼ਨ ਯੂ ਕੇ ਤੋਂ ਭਾਈ ਜਗਜੀਤ ਸਿੰਘ ਖਾਲਸਾ ਜੋ ਕਿ ਪਿਛਲੇ ਲੰਮੇਂ ਸਮੇਂ ਤੋਂ ਸਿੱਖੀ ਦਾ ਪ੍ਰਚਾਰ ਕਰ ਰਹੇ ਹਨ ।ਸਿੱਖੀ ਨੂੰ ਪਰਿਵਾਰਿਕ ਜੀਵਨ ਵਿੱਚ ਲਿਆਉਣ, ਮਜ਼ਬੂਤ ਪਰਿਵਾਰਿਕ ਸਾਂਝ ਬਣਾਉਣ, ਬੱਚਿਆਂ ਤੇ ਪੈਂਦੇ ਤਕਨਾਲੋਜੀ ਦੇ ਪ੍ਰਭਾਵ, ਪ੍ਰੇਰਨਾਦਾਇਕ ਮਾਤਾ ਪਿਤਾ ਕਿਵੇਂ ਬਣਨਾ ਹੈ, ਮਾਪੇ ਬਦਲਦੀ ਦੁਨਿਆਂ ਵਿੱਚ ਕਿਵੇਂ ਵਿਚਰਨ ਆਦਿ ਵਿਸ਼ਿਆਂ ਉੱਤੇ ਉਹਨਾਂ ਨੇ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਇਹ ਕੋਰਸ ਕਰਵਾਇਆ ਹੈ ਅਤੇ ਹਜ਼ਾਰਾਂ ਹੀ ਪਰਿਵਾਰਾਂ ਨੇ ਇਸ ਤੋਂ ਲਾਭ ਲਿਆ ਹੈ ।ਸ਼ਨੀਵਾਰ ਨੂੰ 10 ਵਜੇ ਤੋਂ ਅਰੰਭ ਹੋ ਕੇ ਸ਼ਾਮ 7 ਵਜੇ ਤੱਕ ਚੱਲੇ ਇਸ ਕੋਰਸ ਵਿੱਚ ਭਾਈ ਜਗਜੀਤ ਸਿੰਘ ਨੇ ਸ਼ਾਮਲ ਹੋਏ ਨੌਜਵਾਨਾਂ ਤੇ ਮਾਪਿਆਂ ਨੂੰ ਮੌਜੂਦਾ ਸਮਿਆਂ ਵਿੱਚ ਪਰਿਵਾਰਾਂ ਨੂੰ ਆ ਰਹੀਆਂ ਚੁਣੌਤੀਆਂ ਅਤੇ ਭਵਿੱਖ ਵਿੱਚ ਆਉਣ ਵਾਲੀਆਂ ਚੁਣੌਤੀਆਂ ਪ੍ਰਤੀ ਜਾਣੂ ਕਰਵਾਇਆ ।ਉਹਨਾਂ ਨੇ ਦੱਸਿਆ ਕਿ ਸਿੱਖ ਕਿਸੇ ਵੇਲੇ ਆਪਣੇ ਰਾਜ ਭਾਗ ਦੇ ਮਾਲਕ ਸਨ ਤੇ ਜੇਕਰ ਅੱਜ ਅਸੀਂ ਫਿਰ ਆਪਣਾ ਰਾਜ ਪ੍ਰਾਪਤ ਕਰਨਾ ਹੈ ਤਾਂ ਕਿਸ ਤਰ੍ਹਾਂ ਸਾਨੂੰ ਆਪਣੇ ਕਿਰਦਾਰ ਵਿੱਚ ਮਜ਼ਬੂਤੀ ਲਿਆਉਣੀ ਪਵੇਗੀ ।ਕਿਸ ਤਰ੍ਹਾਂ ਵਿਹਾਰਕ ਰੂਪ ਵਿੱਚ ਗੁਰਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣਾ ਹੈ ।ਤਕਨਾਲੋਜੀ ਦਾ ਕਿਸ ਤਰ੍ਹਾਂ ਹਾਂ ਪੱਖੀ ਇਸਤੇਮਾਲ ਆਪਣੀ ਜ਼ਿੰਦਗੀ ਵਿੱਚ ਕਰਨਾ ਹੈ ਤੇ ਤਕਨਾਲੋਜੀ ਦੇ ਨਾ ਪੱਖੀ ਪ੍ਰਭਾਵਾਂ ਨੂੰ ਆਪਣੇ ਜੀਵਨ ਵਿੱਚੋਂ ਦੂਰ ਕਰਨਾ ਹੈ ।ਆਪਣੇ ਜੀਵਨ ਅਤੇ ਹਾਲਾਤਾਂ ਵਿੱਚ ਤਰੱਕੀ ਲਿਆ ਕੇ ਕਿਸ ਤਰ੍ਹਾਂ ਕੌਮ ਅਤੇ ਪੰਥ ਦੀ ਤਰੱਕੀ ਕਰਨੀ ਹੈ ।ਇਸ ਮੌਕੇ ਜਰਮਨ ਦੇ ਵੱਖ ਵੱਖ ਸ਼ਹਿਰਾਂ ਤੋਂ ਪਰਿਵਾਰ ਇਸ ਕੋਰਸ ਦਾ ਲਾਭ ਲੈਣ ਪਹੁੰਚੇ ਸਨ ਅਤੇ ਉਹਨਾਂ ਨੇ ਇਸ ਕੋਰਸ ਦੀ ਬਹੁਤ ਸਰਾਹਨਾ ਕੀਤੀ ।ਗੁਰਦੁਆਰਾ ਸਾਹਿਬ ਦੇ ਸਹਿਯੋਗ ਨਾਲ ਕੋਰਸ ਵਿੱਚ ਸ਼ਾਮਲ ਸੰਗਤਾਂ ਨੂੰ ਅਤੁੱਟ ਚਾਹ ਪਾਣੀ ਅਤੇ ਲੰਗਰ ਵਰਤਾਇਆ ਗਿਆ। ਸੰਗਤਾਂ ਨੇ ਜਰਮਨੀ ਵਿੱਚ ਇਸ ਤਰ੍ਹਾਂ ਦੇ ਹੋਰ ਕੋਰਸ ਕਰਨ ਦੀ ਮੰਗ ਕੀਤੀ ਤੇ ਇਸ ਕੋਰਸ ਦੇ ਆਯੋਜਨ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਜਰਮਨ ਦੇ ਨੌਜਵਾਨਾਂ ਲਈ ਇਹੋ ਜਿਹੀ ਜਾਣਕਾਰੀ ਮਿਲਣੀ ਬਹੁਤ ਅਹਿਮ ਹੈ ਅਤੇ ਜਰਮਨ ਵਿੱਚ ਸਿੱਖਾਂ ਦੇ ਭਵਿੱਖ ਲਈ ਬਹੁਤ ਜ਼ਰੂਰੀ ਹੈ । ਭਾਈ ਜਗਜੀਤ ਸਿੰਘ ਯੂ ਕੇ ਨੇ ਐਤਵਾਰ ਦੇ ਦੀਵਾਨ ਵਿੱਚ ਵੀ ਸੰਗਤਾਂ ਨਾਲ ਆਪਣੇ ਵੀਚਾਰ ਸਾਂਝੇ ਕੀਤੇ ।ਅਖੀਰ ਦੀਵਾਨ ਦੀ ਸਮਾਪਤੀ ਤੇ ਭਾਈ ਗੁਰਚਰਨ ਸਿੰਘ ਗੁਰਾਇਆ ਨੇ ਉਹਨਾਂ ਦਾ ਧੰਨਵਾਦ ਕੀਤਾ ਤੇ ਅੱਗੇ ਵੀ ਇਸ ਤਰ੍ਹਾਂ ਦੇ ਕੋਰਸ ਕਰਦੇ ਰਹਿਣ ਲਈ ਕਿਹਾ ਤੇ ਸੰਗਤਾਂ ਨੂੰ ਵੀ ਆਪਣੀ ਆਉਣ ਵਾਲੀ ਪੀੜ੍ਹੀ ਦੀ ਭਲਾਈ ਲਈ ਸਿੱਖੀ ਨੂੰ ਆਪਣ ਜੀਵਨ ਵਿੱਚ ਢਾਲਣ ਲਈ ਇਹੋ ਜਿਹੇ ਕੋਰਸਾਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਨਾ ਕਰਨ ਦੀ ਅਪੀਲ ਕੀਤੀ ।



### ਬੰਦੀ ਸਿੰਘਾਂ ਦੀ ਰਿਹਾਈ ਅਤੇ ਕਿਸਾਨ ਅੰਦੋਲਨ ਨੂੰ ਸਮਰਪਿਤ

# ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਕੈਨੇਡਾ ਤੋਂ ਨਿਕਲੀ ਕਾਰ ਰੈਲੀ

## 9 ਮਾਰਚ ਨੂੰ ਇਟਲੀ ਦੇ ਮਿਲਾਨੋ ਵਿਚ ਨਿਕਲੇਗੀ ਕਾਰ ਰੈਲੀ, ਹਿੰਦ ਅੰਬੇਸੀ ਮੂਹਰੇ ਹੋਵੇਗਾ ਰੋਸ ਪ੍ਰਦਰਸ਼ਨ












ਨਵੀਂ ਦਿੱਲੀ 5 ਮਾਰਚ (ਮਨਪ੍ਰੀਤ ਸਿੰਘ ਖਾਲਸਾ):- ਅਸਾਮ ਦੀ ਡਿਬਰੂਗੜ ਜੇਲ ਵਿੱਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਸਾਥੀਆਂ ਉੱਪਰ ਕੀਤੇ ਜਾ ਰਹੇ ਤਸ਼ੱਦਦ ਉਪਰੰਤ ਉਨ੍ਹਾਂ ਵਲੋਂ ਸ਼ੁਰੂ ਕੀਤੀ ਗਈ ਭੁੱਖ ਹੜਤਾਲ ਅਤੇ ਹਰਿਆਣਾ ਪੰਜਾਬ ਦੇ ਬਾਡਰ ਉੱਤੇ ਚਲ ਰਹੇ ਕਿਸਾਨੀ ਸੰਘਰਸ਼ ਵਿਚ ਹਿੰਦ ਦੀ ਹਕੂਮਤ ਵੱਲੋਂ ਢਾਹੇ ਜਾ ਰਹੇ ਜ਼ੁਲਮ ਮੁਗ.ਲਾਂ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਰਹੇ ਹਨ । ਕੈਨੇਡਾ ਦੇ ਸਰੀ ਲੋਅਰਮੇਨਲੈਂਡ ਇਲਾਕੇ ਦੇ ਸਿੱਖਾਂ ਨਾਲ ਦਰਦ ਰੱਖਣ ਵਾਲੇ ਸਮੂਹ ਨੌਜੁਆਨ, ਪੰਥਕ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਪੰਜਾਬ ਦੀ ਅਜਮਤ ਨਾਲ ਪਿਆਰ ਤੇ ਆਪਣੇ ਜਾਗਦੀ ਜ਼ਮੀਰ ਦਾ ਸਬੂਤ ਪੇਸ਼ ਕਰਨ ਵਾਲੇ ਗੁਰਮੁਖ ਪਿਆਰੇ ਸਮੂਹ ਸੰਗਤਾਂ ਵੱਲੋ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਕੈਨੇਡਾ ਤੋਂ ਭਾਰਤੀ ਕੌਂਸਲੇਟ ਵੈਨਕੁਵਰ ਤੱਕ ਰੋਸ ਪ੍ਰਗਟ ਕਰਦਿਆਂ ਵੱਡੀ ਕਾਰ ਰੈਲੀ ਕੱਢੀ ਗਈ । ਇਸ ਕਾਰ ਰੈਲੀ ਵਿੱਚ ਨੌਜਵਾਨਾਂ, ਬੀਬੀਆਂ ਬੱਚਿਆਂ ਅਤੇ ਬਜ਼ੁਰਗਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ।ਸੈਂਕੜੇ ਕਾਰਾਂ ਦਾ ਵੱਡਾ ਕਾਫਲਾ ਗੁਰਦੁਆਰਾ ਸਾਹਿਬ ਤੋਂ ਖਾਲਸਾਈ ਝੰਡਿਆਂ ਨਾਲ ਰਵਾਨਾ ਹੋਇਆ । ਕਾਰਾ ਉਪਰ ਲੱਗੇ ਵੱਡੇ ਵੱਡੇ ਬੈਨਰ ਭਾਰਤੀ ਸਰਕਾਰ ਵੱਲੋਂ ਢਾਹੇ ਜਾ ਰਹੇ ਜ਼ੁਲਮਾਂ ਦੀ ਦਾਸਤਾਨ ਪੇਸ਼ ਕਰ ਰਹੇ ਸਨ । ਹਿੰਦੁਸਤਾਨ ਦੇ ਕੌਂਸਲੇਟ ਦਫਤਰ ਮੂਹਰੇ ਜਾ ਕੇ ਵੱਡਾ ਮੁਜਾਹਿਰਾ ਕੀਤਾ ਗਿਆ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਨਾਲ ਕਿਸਾਨੀ ਅੰਦੋਲਨ ਦੇ ਹੱਕ ਵਿੱਚ ਨਾਹਰੇ ਅਤੇ ਜੈਕਾਰੇ ਲਾਏ ਗਏ । ਇਸ ਮੌਕੇ ਪੁੱਜੇ ਹੋਏ ਬੁਲਾਰਿਆਂ ਵਿੱਚ ਭਾਈ ਰਣਜੀਤ ਸਿੰਘ ਖਾਲਸਾ ਐਬਸਫੋਰਡ, ਮਨਜਿੰਦਰ ਸਿੰਘ, ਭਾਈ ਜਸਪ੍ਰੀਤ ਸਿੰਘ ਖਾਲਸਾ, ਭਾਈ ਗੁਰਮੀਤ ਸਿੰਘ ਤੂਰ ਜਨਰਲ ਸਕੱਤਰ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ, ਭਾਈ ਭਪਿੰਦਰ ਸਿੰਘ ਹੋਠੀ ਸਕੱਤਰ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ, ਭਾਈ ਸਰੂਪ ਸਿੰਘ ਤੂੜ, ਅਤੇ ਗੁਰਦੁਆਰਾ ਸਾਹਿਬਾਨਾਂ ਦੇ ਬੁਲਾਰਿਆਂ ਨੇ ਪੰਜਾਬ ਸਰਕਾਰ ਅਤੇ ਹਿੰਦ ਹਕੂਮਤ ਦੀ ਮਿਲੀ ਭੁਗਤ ਨਾਲ ਹੋ ਰਹੇ ਅਣਮਨੁੱਖੀ ਕਹਿਰ ਦੇ ਪਾਪਾਂ ਦਾ ਭਾਂਡਾ ਪੂਰੀ ਦੁਨੀਆ ਦੇ ਸਾਹਮਣੇ ਪੇਸ਼ ਕੀਤਾ ਅਤੇ ਨਿਖੇਧੀ ਕੀਤੀ । ਇਸ ਪ੍ਰਦਰਸ਼ਨ ਵਿਚ ਮੀਡੀਏ ਦੀ ਗੈਰਹਾਜ਼ਰੀ ਦੀ ਹਰੇਕ ਬੁਲਾਰੇ ਨੇ ਨਿੰਦਿਆ ਕੀਤੀ ਅਤੇ ਉਨ੍ਹਾਂ ਨੂੰ ਮਰੀਆਂ ਹੋਈਆਂ ਜ਼ਮੀਰਾਂ ਦੇ ਮਾਲਕ ਗਰਦਾਨਿਆ ਗਿਆ । ਸਿੱਖ ਪੰਥ ਦੇ ਨਿਜੀ ਮੀਡੀਆ ਵਲੋਂ ਭਾਈ ਨਰਿੰਦਰ ਸਿੰਘ ਰੰਧਾਵਾ ਅਤੇ ਇੰਗਲਿਸ਼ ਮੀਡੀਏ ਵੱਲੋ ਸਾਰੇ ਰੋਸ ਪ੍ਰਦਰਸ਼ਨ ਦੀ ਕਵਰਿੰਗ ਕੀਤੀ ਗਈ ਅਤੇ ਸਟੇਜ ਸੰਚਾਲਨ ਦੀ ਸੇਵਾ ਗੁਰੂ ਨਾਨਕ ਸਿੱਖ ਗੁਰਦੁਆਰਾ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਹੋਠੀ ਵੱਲੋ ਨਿਭਾਈ ਗਈ।

ਇਸੇ ਤਰ੍ਹਾਂ ਆਣ ਵਾਲੀ 9 ਮਾਰਚ ਨੂੰ ਇਟਲੀ ਦੇ ਮਿਲਾਨੋ ਸ਼ਹਿਰ ਵਿਚ ਬੰਦੀ ਸਿੰਘ ਅਤੇ ਕਿਸਾਨਾਂ ਦੇ ਹਕ. ਵਿਚ ਇਕ ਵੱਡੀ ਕਾਰ ਰੈਲੀ ਆਯੋਜਿਤ ਕੀਤੀ ਜਾ ਰਹੀ ਹੈ । ਇਹ ਰੈਲੀ ਹਿੰਦ ਦੇ ਕੌਂਸਲਟ ਦਫਤਰ ਮੂਹਰੇ ਖ਼ਤਮ ਹੋਵੇਗੀ । ਹਿੰਦੁਸਤਾਨ ਦੇ ਕੌਂਸਲਟ ਦਫਤਰ ਮੂਹਰੇ ਇਕ ਵੱਡਾ ਇਕੱਠ ਦੇਸ਼ ਅੰਦਰ ਬੰਦੀ ਸਿੰਘਾਂ ਅਤੇ ਕਿਸਾਨਾਂ ਤੇ ਢਾਹੇ ਜਾ ਰਹੇ ਜ਼ੁਲਮਾਂ ਖਿਲਾਫ ਆਪਣਾ ਰੋਹ ਪ੍ਰਗਟ ਕਰਣਗੇ ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥



# ਭੋਗ ਅਤੇ ਅੰਤਿਮ ਅਰਦਾਸ

ਆਵਾਜ਼ਿ ਕੌਮ
AWAZE QAUM
International Newspaper & WEB TV

ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ
**ਮਾਤਾ ਜੋਗਿੰਦਰ ਕੌਰ ਜੀ**
ਆਪਣੀ ਸੰਸਾਰਿਕ ਯਾਤਰਾ ਨੂੰ ਪੂਰਾ ਕਰਦੇ ਹੋਏ ਮਿਤੀ: 27.02.2024 ਨੂੰ ਅਚਾਨਕ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ
**ਸ੍ਰੀ ਅਖੰਡ ਸਾਹਿਬ ਪਾਠ ਦੇ ਭੋਗ**
**ਮਿਤੀ 7 ਮਾਰਚ 2024 ਦਿਨ ਨੂੰ**
**ਪਿੰਡ ਸੈਦੋਲੇਹਲ,ਖਜ਼ਾਲਾ ਤੋਂ ਤਰਸਿੱਕਾ ਰੋਡ ਗੁਰੂਦੁਆਰਾ ਬਾਬਾ ਡੇਰਾ ਸਾਹਮਣੇ ਬਿਜਲੀ ਘਰ**
ਸਮਾਂ 10:00 ਤੋਂ 01:00 ਵਜੇ ਤੱਕ ਪਵੇਗਾ।
ਸੋ ਆਪ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।



ਭਾਈ ਸਤਨਾਮ ਸਿੰਘ ਜੀ
ਜਿਲਾ ਪ੍ਰਧਾਨ ਅੰਮ੍ਰਿਤਸਰ
ਕਿਸਾਨ ਬਚਾਉ ਮੋਰਚਾ
ਇੰਟਰਨੈਸ਼ਨਲ ਪੰਥਕ ਦਲ

-- ✶ ਬੇਨਤੀ ਕਰਤਾ ✶--

# ਲੇਹਲ ਪਰਿਵਾਰ ਅਤੇ ਸਾਕ ਸਬੰਧੀ

ਭਾਈ ਸਤਨਾਮ ਸਿੰਘ ਜੀ ਜਿਲਾ ਪ੍ਰਧਾਨ ਅੰਮ੍ਰਿਤਸਰ ਕਿਸਾਨ ਬਚਾਉ ਮੋਰਚਾ ਇੰਟਰਨੈਸ਼ਨਲ ਪੰਥਕ ਦਲ ਦੇ ਸਤਿਕਾਰਯੋਗ ਮਾਤਾ ਜੋਗਿੰਦਰ ਕੌਰ ਜੀ ਆਪਣੀ ਸੰਸਾਰਿਕ ਯਾਤਰਾ ਪੂਰਾ ਕਰਦੇ ਹੋਏ ਮਿਤੀ 27.2.2024 ਨੂੰ ਅਚਾਨਕ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾ ਵਿਚ ਜਾ ਬਿਰਾਜੇ ਸਨ, ਜਿਨ੍ਹਾਂ ਨਮਿਤ ਭੋਗ ਅਤੇ ਅੰਤਿਮ ਅਰਦਾਸ 7 ਮਾਰਚ, 2024 ਨੂੰ ਸੰਪੂਰਨ ਹੋਵੇਗੀ।



ਭਾਈ ਰਣਦੀਪ ਸਿੰਘ ਜੀ
ਬਲਾਕ ਪ੍ਰਧਾਨ ਤਰਸਿੱਕਾ ਅਤੇ
ਜਿਲਾ ਪ੍ਰੈੱਸ ਸਕੱਤਰ ਅੰਮ੍ਰਿਤਸਰ
ਇੰਟਰਨੈਸ਼ਨਲ ਪੰਥਕ ਦਲ

### ਆਮ ਆਦਮੀ ਪਾਰਟੀ ਦੇ ਬੀ.ਸੀ.ਵਿੰਗ ਦੇ ਜ਼ਿਲ੍ਹਾ ਪ੍ਰਧਾਨ ਅਨਮੋਲ ਸਿੰਘ ਛਾਪਾ ਵੱਲੋਂ

# ਸ੍ਰ.ਜਸਕਰਨ ਸਿੰਘ ਸੰਧੂ ਨੂੰ ਹਲਕਾ ਜੰਡਿਆਲਾ ਗੁਰੂ ਦਾ ਕੋਆਰਡੀਨੇਟਰ ਥਾਪਿਆ ਗਿਆ



ਚੌਂਕ ਮਹਿਤਾ 5 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ) ਅੱਜ ਆਮ ਆਦਮੀ ਪਾਰਟੀ ਵੱਲੋਂ ਆਪਣੇ ਬੀ.ਸੀ.ਵਿੰਗ ਦੇ ਢਾਂਚੇ ਨੂੰ ਨਵੇਂ ਸਿਰੇ ਤੋਂ ਸੰਗਠਤ ਕਰਨ ਦੇ ਮਕਸਦ ਨਾਲ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਜਿਸ ਤਹਿਤ ਪੰਜਾਬ ਬੀ.ਸੀ.ਵਿੰਗ ਦੇ ਪ੍ਰਧਾਨ ਸ੍ਰ.ਸ਼ਿਵਕਰਨ ਸਿੰਘ ਚੇਚੀ ਵੱਲੋਂ ਸੂਬਾ ਪੱਧਰੀ ਮੀਟਿੰਗਾਂ ਤੋਂ ਬਾਅਦ ਵਿਧਾਨ ਸਭਾ ਪੱਧਰ ਤੇ ਵਰਕਰਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਲੜੀਵਾਰ ਮੀਟਿੰਗਾਂ ਦੇ ਤਹਿਤ ਹਲਕਾ ਜੰਡਿਆਲਾ ਗੁਰੂ ਦੇ ਬਲਾਕ ਰਾਈਆ ਅਧੀਨ ਪੈਂਦੇ ਪਿੰਡ ਮਹਿਤਾ ਵਿਖੇ ਆਮ ਆਦਮੀ ਪਾਰਟੀ ਦੇ ਬਹੁਤ ਹੀ ਪੁਰਾਣੇ ਅਤੇ ਸੀਨੀਅਰ ਆਗੂ ਸ੍ਰ.ਸਵ. ਸੁਖਬੀਰ ਸਿੰਘ ਸੰਧੂ ਦੇ ਸਪੁੱਤਰ ਜਸਕਰਨ ਸਿੰਘ ਸੰਧੂ ਅਤੇ ਉਨ੍ਹਾਂ ਦੇ ਪਿਤਾ ਦੇ ਬਹੁਤ ਹੀ ਨਜ਼ਦੀਕੀ ਸਾਥੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਅਤੇ ਬਹੁਤ ਪੁਰਾਣੇ "ਆਪ" ਆਗੂ ਸ੍ਰ.ਰਾਜਵਿੰਦਰ ਸਿੰਘ ਲਾਡੀ ਸੋਂਰੂਪੱਡਾ ਦੇ ਯਤਨਾਂ ਸਦਕਾ ਉਨ੍ਹਾਂ ਦੇ ਗ੍ਰਹਿ ਵਿਖੇ ਵਰਕਰਾਂ ਦੀ ਇੱਕ ਭਰਵੀਂ ਮੀਟਿੰਗ ਹੋਈ। ਜਿਸ ਦੌਰਾਨ ਵਰਕਰਾਂ ਨਾਲ ਖੁੱਲ ਕੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਬੀ.ਸੀ.ਵਿੰਗ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਅਨਮੋਲ ਸਿੰਘ ਛਾਪਾ ਨੇ ਕਿਹਾ ਕਿ ਹਲਕੇ ਦੇ ਵੱਖ -ਵੱਖ ਪਿੰਡਾਂ ਵਿੱਚ ਜਾ ਕੇ ਪੰਜਾਬ "ਆਪ ਦੀ ਸਰਕਾਰ ਆਪ ਦੇ ਦੁਆਰ" ਮੁਹਿੰਮ ਤਹਿਤ ਵਿਸ਼ੇਸ਼ ਕੈਂਪ ਲਗਾਏ ਗਏ ਹਨ। ਇੰਨ੍ਹਾਂ ਕੈਂਪ ਰਾਹੀਂ ਲੋਕ ਸੁਖ ਸਹੂਲਤਾਂ ਦਾ ਆਨੰਦ ਮਾਣ ਰਹੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਦੇ ਮੱਦੇਨਜ਼ਰ ਹਦਾਇਤਾਂ ਦਿੱਤੀਆਂ ਗਈਆਂ ਅਤੇ ਹਲਕਾ ਜੰਡਿਆਲਾ ਗੁਰੂ ਦੇ ਹਰ ਇੱਕ ਬੂਥ ਨੂੰ ਜਿਤਾਉਣ ਲਈ ਆਮ ਆਦਮੀ ਪਾਰਟੀ ਵੱਲੋਂ ਬੀ.ਸੀ.ਵਿੰਗ ਨੂੰ ਮਜਬੂਤ ਕਰਨ ਲਈ ਨਵੇਂ ਅਤੇ ਪੁਰਾਣੇ ਆਗੂਆਂ ਨੂੰ ਇਸ ਢਾਂਚੇ ਵਿੱਚ ਜੋੜ ਕੇ ਮਜਬੂਤ ਬਣਾਇਆ ਗਿਆ ਇਸ ਮੌਕੇ ਬੀ.ਸੀ.ਵਿੰਗ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਸ੍ਰ.ਅਨਮੋਲ ਸਿੰਘ ਛਾਪਾ ਨੇ ਕਿਹਾ ਕਿ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਮੁੱਖ ਮੰਤਰੀ ਭਗਵੰਤ ਮਾਨ ਜੀ ਅਤੇ ਬੀ.ਸੀ.ਵਿੰਗ ਦੇ ਪੰਜਾਬ ਪ੍ਰਧਾਨ ਸ੍ਰ.ਸ਼ਿਵਕਰਨ ਸਿੰਘ ਚੇਚੀ ਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਬੀ.ਸੀ.ਵਿੰਗ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਸ੍ਰ.ਅਨਮੋਲ ਸਿੰਘ ਛਾਪਾ ਨੇ ਆਪਣੇ ਅਗਵਾਈ ਹੇਠ ਹਲਕਾ ਜੰਡਿਆਲਾ ਗੁਰੂ ਤੋਂ ਆਮ ਆਦਮੀ ਪਾਰਟੀ ਦੇ ਨੌਜਵਾਨ ਆਗੂ ਸ੍ਰ.ਜਸਕਰਨ ਸਿੰਘ ਸੰਧੂ ਨੂੰ ਬੀ.ਸੀ.ਵਿੰਗ ਦਾ ਹਲਕਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਇਸ ਮੌਕੇ ਹਾਈਕਮਾਂਡ ਦਾ ਧੰਨਵਾਦ ਕਰਦੇ ਹੋਏ ਸ੍ਰ.ਜਸਕਨ ਸਿੰਘ ਸੰਧੂ ਨੇ ਕਿਹਾ ਕਿ ਹਰ ਪਾਰਟੀ ਦੀ ਜਿੰਦ ਜਾਨ ਵਰਕਰ ਹੁੰਦਾ ਹੈ। ਜਿੰਨ੍ਹਾਂ ਮਾਣ ਸਾਨੂੰ ਆਮ ਆਦਮੀ ਪਾਰਟੀ ਨੇ ਦਿੱਤਾ ਪਹਿਲਾ ਕਦੇ ਵੀ ਕਿਸੇ ਪਾਰਟੀ ਨੇ ਨਹੀ ਦਿੱਤਾ ਅਤੇ ਅੰਤ ਵਿੱਚ ਜਸਕਰਨ ਸਿੰਘ ਨੇ ਕਿਹਾ ਕਿ ਹਾਈਕਮਾਂਡ ਤੇ ਮੁੱਖ ਮੰਤਰੀ ਪੰਜਾਬ ਅਤੇ ਬੀ.ਸੀ.ਵਿੰਗ ਦੇ ਪੰਜਾਬ ਪ੍ਰਧਾਨ ਸ਼ਿਵਕਰਨ ਸਿੰਘ ਚੇਚੀ ਤੇ ਅਨਮੋਲ ਸਿੰਘ ਛਾਪਾ ਨੇ ਜੋ ਮੇਰੇ ਉੱਪਰ ਵਿਸ਼ਵਾਸ ਕਰ ਕੇ ਮੈਨੂੰ ਹਲਕਾ ਜੰਡਿਆਲਾ ਗੁਰੂ ਦੀ ਬੀ.ਸੀ.ਵਿੰਗ ਦੀ ਜਿੰਮੇਵਾਰੀ ਸੌਂਪੀ ਹੈ,ਤੇ ਆਪ ਜੀ ਨੂੰ ਵਿਸ਼ਵਾਸ ਦਿੰਦੇ ਹਾਂ ਕਿ ਹਲਕਾ ਜੰਡਿਆਲਾ ਗੁਰੂ ਵਿੱਚ ਦਿਨ ਰਾਤ ਮਿਹਨਤ ਕਰਕੇ ਆਮ ਆਦਮੀ ਪਾਰਟੀ ਦੇ ਹਰ ਇੱਕ ਬੂਥ ਨੂੰ ਲੋਕ ਸਭਾ ਚੋਣਾਂ ਵਿੱਚ ਜਿੱਤ ਪ੍ਰਾਪਤ ਕਰ ਕੇ ਆਮ ਆਦਮੀ ਪਾਰਟੀ ਨੂੰ ਹਲਕਾ ਜੰਡਿਆਲਾ ਗੁਰੂ ਤੋਂ ਵੱਡੀ ਲੀਡ ਨਾਲ ਜਿੱਤਣਗੇ। ਇਸ ਸਮੇਂ ਉੱਪ ਜ਼ਿਲ੍ਹਾ ਪ੍ਰਧਾਨ ਹਰੀਸ਼ ਬੱਬਰ ਨੇ ਵੀ ਸੰਬੋਧਨ ਕੀਤਾ ਇਸ ਮੌਕੇ ਜੌਆਇੰਟ ਸੈਕਟਰੀ ਜਨਕ ਰਾਜ,ਦਵੇਸ਼ ਕੁਮਾਰ ਬਲਾਕ ਪ੍ਰਧਾਨ, ਤਰਸੇਮ ਕਲਿਆਣ ਮੀਡੀਆਂ ਕੋਆਰਡੀਨੇਟਰ ਵੀ ਉਚੇਚੇ ਤੌਰ ਤੇ ਪਹੁੰਚੇ। ਇਸ ਮੌਕੇ ਸੂਬਾ ਸਿੰਘ ਦਬੁਰਜੀ,ਬਲਵਿੰਦਰ ਸਿੰਘ ਪਟਵਾਰੀ ਖੱਬੇਰਾਜਪੂਤਾਂ,ਜੋਗਿੰਦਰ ਸਿੰਘ ਚੂੰਗ, ਇਕਬਾਲ ਸਿੰਘ ਮਹਿਤਾ, ਹਰਪ੍ਰੀਤ ਸਿੰਘ ਦੀਪੂ ਉਦੋਨੰਗਲ, ਸਤਨਾਮ ਸਿੰਘ ਉਦੋਨੰਗਲ,ਇੰਦਰਜੀਤ ਸਿੰਘ ਉਸਮਾਂ,ਨਿਰਮਲ ਸਿੰਘ ਉਸਮਾਂ,ਜਗਮੇਲ ਸਿੰਘ ਉਦੋਨੰਗਲ,ਮੰਗਲ ਸਿੰਘ ਗੱਗੜਭਾਣਾ, ਬਲਦੇਵ ਸਿੰਘ ਮਹਿਤਾ, ਹਰਪ੍ਰੀਤ ਸਿੰਘ ਉਦੋਨੰਗਲ, ਬਾਬਾ ਜੋਗਿੰਦਰ ਸਿੰਘ, ਮੈਂਬਰ ਮੂਰਤਾ ਸਿੰਘ, ਅਵਤਾਰ ਸਿੰਘ, ਸੁਖਦੇਵ ਸਿੰਘ,ਜਸਵੰਤ ਸਿੰਘ, ਬਲਵਿੰਦਰ ਸਿੰਘ ਬਿੰਦਾ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਖਾਲਸਾ ਕਾਲਜ ਮਹਿਤਾ ਬੀ, ਸੀ, ਏ, ਅਤੇ ਬੀ ਕਾਮ

# ਪੰਜਵਾਂ ਸਮੈਸਟਰ ਦਾ ਸ਼ਾਨਦਾਰ ਨਤੀਜਾ



ਚੌਂਕ ਮਹਿਤਾ 5 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ) ਦਮਦਮੀ ਟਕਸਾਲ ਦੇ ਮੌਜੂਦਾਂ ਮੁੱਖੀ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਦੀ ਰਹਿਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜ ਮਹਿਤਾ ਚੌਂਕ ਦੇ ਗੁਰੂ ਨਾਨਕ ਦੇਵ ਜੀ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਬੀ, ਸੀ, ਏ, ਅਤੇ ਬੀ, ਕਾਮ ਪੰਜਵਾ ਸਮੈਸਟਰ ਦੇ ਨਤੀਜੇ 100 %ਰਹੇ । ਬੀ, ਸੀ, ਏ, ਦੀ ਸਾਕੀਰਤ ਕੌਰ 80%ਸਰਨਜੀਤ ਕੌਰ 76%ਅਤੇ ਰਮਨਦੀਪ ਕੌਰ 75%ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾਂ, ਦੂਜਾ, ਤੇ ਤੀਜਾ ਸਥਾਨ ਪ੍ਰਾਪਤ ਕੀਤਾ ਗਿਆ। ਇਸੇ ਤਰ੍ਹਾਂ ਬੀ, ਕਾਮ ਦੀ ਗੁਰਜੀਤ ਕੌਰ 75%ਮਹਿਕਪਰੀਤ ਕੌਰ 73%ਅਤੇ ਅੰਮ੍ਰਿਤ ਬੀਰ ਕੌਰ ਨੇ 74%ਅੰਕ ਪ੍ਰਾਪਤ ਕਰਕੇ ਆਪਣੇ ਮਾਪਿਆਂ ਅਤੇ ਕਾਲਜ ਦਾ ਮਾਨ ਵਧਾਇਆ ਹੈ। ਇਸ ਦੌਰਾਨ ਖੁਸੀ ਜ਼ਿਹਰ ਕਰਦੇ ਹੋਏ ਪ੍ਰਿੰਸੀਪਲ ਸ, ਗੁਰਦੀਪ ਸਿੰਘ ਰੰਧਾਵਾ ਜਲਾਲ ਉਸਮਾ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਕਿਹਾ ਕਿ ਸੰਸਥਾ ਹਮੇਸ਼ਾ ਇਸੇ ਤਰ੍ਹਾਂ ਯਤਨ ਵਿੱਚ ਰਹਿੰਦੀ ਹੈ ਕਿ ਵਿਦਿਆਰਥੀਆਂ ਨੂੰ ਅਜਿਹੀ ਵਿੱਦਿਅਕ ਸਿਖਲਾਈ ਦਿੱਤੀ ਜਾਵੇ ਜਿਸ ਨਾਲ ਉਹ ਵਰਤਮਾਨ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਕਾਬਿਲ ਬਣ ਸਕਣ। ਅਤੇ ਅਧੁਨਿਕ ਮੁਕਾਬਲੇ ਵਾਲੇ ਯੁਗ ਵਿੱਚ ਆਪਣੀ ਨਿਵੇਕਲੀ ਪਹਿਚਾਣ ਬਣਾ ਸਕਣ ਅਤੇ ਨਾਲ ਹੀ ਉਨ੍ਹਾਂ ਨੇ ਆਪਣੇ ਕਾਲਜ ਦੇ ਮਿਹਨਤੀ ਅਤੇ ਕਾਬਲ ਅਧਿਆਪਕਾਂ ਧੰਨਵਾਦ ਕੀਤਾ। ਇਸ ਦੌਰਾਨ ਗਿਆਨੀ ਸਾਹਿਬ ਸਿੰਘ ਜੀ, ਕਾਲਜ ਪ੍ਰਿੰਸੀਪਲ ਸ,ਗੁਰਦੀਪ ਸਿੰਘ ਰੰਧਾਵਾ ਜਲਾਲ ਉਸਮਾ, ਸਕੂਲ ਪ੍ਰਿੰਸੀਪਲ ਮੈਡਮ ਸੁਖਜੀਤ ਕੌਰ, ਕੁਲਦੀਪ ਕੌਰ, ਕੁਲਜੀਤ ਕੌਰ, ਪੂਰਤੀ ਸਰਮਾ, ਗੁਰਸ਼ਰਨਪਰੀਤ ਕੌਰ, ਕਿਰਨਬੀਰ ਕੌਰ, ਗੁਰਪਿੰਦਰ ਸਿੰਘ, ਅਤੇ ਕਾਬਲ ਸਿੰਘ ਨੇ ਵਿਦਿਆਰਥੀਆਂ ਨੂੰ ਅਤੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

# ਸਰਸਵਤੀ ਹੈਲਥ ਕਲੱਬ ਜੰਡਿਆਲਾ ਗੁਰੂ ਵਲੋਂ 18ਵੀਂ ਸੀਨੀਅਰ ਮਿਸਟਰ ਪੰਜਾਬ ਚੈਂਪੀਅਨਸ਼ਿਪ



ਜੰਡਿਆਲਾ ਗੁਰੂ, 5 ਮਾਰਚ (ਕੁਲਵੰਤ ਸਿੰਘ ਵਿਰਦੀ)- ਸਰਸਵਤੀ ਹੇਲਥ ਕਲੱਬ ਜੰਡਿਆਲਾ ਗੁਰੂ ਵਲੋਂ 18ਵੀਂ ਸੀਨੀਅਰ ਮਿਸਟਰ ਪੰਜਾਬ ਚੈਂਪੀਅਨਸਸ਼ਿਪ ਜੰਡਿਆਲਾ ਗੁਰੂ ਵਿਖੇ ਕਰਵਾਈ ਗਈ, ਜਿਸ ਵਿਚ ਮੁੱਖ ਮਹਿਮਾਨ ਦੇ ਤੌਰ 'ਤੇ ਹੈੱਡ ਮਾਸਟਰ ਮਨਜਿੰਦਰ ਸਿੰਘ ਜੋਸਨ ਧਾਰੜ ਤੇ ਸਰਬਜੀਤ ਸਿੰਘ ਡਿੰਪੀ ਹਾਜ਼ਰ ਹੋਏ। ਇਸ ਪੰਜਾਬ ਚੈਂਪੀਅਨਸਸ਼ਿਪ ਵਿਚ ਬਾਡੀ ਬਿਲਡਿੰਗ, ਬੈਂਚ ਪ੍ਰੈੱਸ, ਡੰਡ ਲਿਫਟ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿਚ ਬਾਡੀ ਬਿਲਡਿੰਗ ਸੀਨੀਅਰ ਦੇ ਮੁਕਾਬਲੇ ਵਿਚ ਸਟਰਾਂਗਮੈਨ ਆਫ਼ ਪੰਜਾਬ ਦਾ ਖਿਤਾਬ ਆਸ਼ੂ ਸ਼ਰਮਾ ਅੰਮ੍ਰਿਤਸਰ ਨੇ ਜਿੱਤਿਆ ਅਤੇ ਬਾਡੀ ਬਿਲਡਿੰਗ ਜੂਨੀਅਰ ਵਿਚ ਮਿਸਟਰ ਪੰਜਾਬ ਦਾ ਖਿਤਾਬ ਰਕੇਸ਼ ਹੁਸ਼ਿਆਰਪੁਰ ਨੇ ਜਿੱਤਿਆ। ਬੈਂਚ ਪ੍ਰੈੱਸ ਸੀਨੀਅਰ ਦੇ ਮੁਕਾਬਲੇ ਵਿਚ ਮਿਸਟਰ ਪੰਜਾਬ ਦਾ ਖਿਤਾਬ ਪਲਵਿੰਦਰ ਸਿੰਘ ਜਿੰਦਾ ਲੁਧਿਆਣਾ ਤੇ ਜੂਨੀਅਰ 'ਚ ਮਿਸਟਰ ਪੰਜਾਬ ਦਾ ਖਿਤਾਬ ਰਾਹੁਲ ਖੰਨਾ ਫਰੀਦਕੋਟ ਨੇ ਜਿੱਤਿਆ। ਡੈਂਡ ਲਿਫਟ ਸੀਨੀਅਰ ਦੇ ਮੁਕਾਬਲੇ ਵਿਚ ਮਿਸਟਰ ਪੰਜਾਬ ਦਾ ਖਿਤਾਬ ਕਾਲੀ ਮਲੋਟ ਨੇ ਜਿੱਤਿਆ ਤੇ ਜੂਨੀਅਰ 'ਚ ਮਿਸਟਰ ਪੰਜਾਬ ਦਾ ਖਿਤਾਬ ਰਕੇਸ਼ ਅਹੂਜਾ ਪਟਿਆਲਾ ਨੇ ਜਿੱਤਿਆ। ਬੈਂਚ ਪ੍ਰੈੱਸ ਅੰਗਹੀਣ 'ਚ ਸਟਰੋਂਗਮੈਨ ਆਫ ਪੰਜਾਬ ਦਾ ਖਿਤਾਬ ਵਰਿੰਦਰ ਮਾਂਗਟ ਨੇ ਜਿੱਤਿਆ । ਜੇਤੂ ਖਿਡਾਰੀਆਂ ਨੂੰ ਨਕਦ ਰਾਸ਼ੀ ਤੇ ਟਰਾਫੀ ਦੇ ਕੇ ਹੈੱਡਮਾਸਟਰ ਮਨਜਿੰਦਰ ਸਿੰਘ ਜੋਸਨ, ਸਰਬਜੀਤ ਸਿੰਘ ਡਿੰਪੀ ਪ੍ਰਧਾਨ 'ਆਪ' ਜੰਡਿਆਲਾ ਗੁਰੂ ਸ਼ਹਿਰੀ, ਕਲੱਬ ਦੇ ਪ੍ਰਧਾਨ ਵਰਿੰਦਰ ਸੂਰੀ, ਐਡਵੋਕੇਟ ਵਿਤ ਖੰਨਾ, ਸੁਖਬੀਰ ਸਿੰਘ ਸੁੱਖ, ਰਕੇਸ਼ ਕੁਮਾਰ ਬਿੱਲਾ ਡੀ. ਐੱਸ. ਪੀ., ਐਡਵੋਕੇਟ ਮਨੀ ਚੋਪੜਾ ਤੇ ਹੋਰਾਂ ਨੇ ਸਨਮਾਨ ਕੀਤਾ। ਜੱਜਾਂ ਦੀ ਭੂਮਿਕਾ ਕੁਲਦੀਪ ਰਾਣਾ, ਦਿਲਬਾਗ ਸਿੰਘ ਕੰਡਾ, ਲੋਕੇਸ਼ ਦੱਤ, ਹਰਪਾਲ ਸਿੰਘ, ਅਰੁਣ ਸ਼ਰਮਾ ਨੇ ਨਿਭਾਈ। ਇਸ ਚੈਂਪੀਅਨਸਸ਼ਿਪ ਨੂੰ ਸਫਲ ਬਣਾਉਣ ਲਈ ਦਵਿੰਦਰ ਸਿੰਘ ਸਮਰਾ ਯੂ. ਕੇ, ਸਰਬਜੀਤ ਸਿੰਘ ਸਮਰਾ ਯੂ. ਕੇ., ਦਲਬੀਰ ਸਿੰਘ ਸਮਰਾ ਯੂ. ਕੇ., ਸਿਮਰਨਜੀਤ ਸਿੰਘ ਸਮਰਾ ਯੂ ਕੇ, ਹੈੱਡ ਮਾਸਟਰ ਮਨਜਿੰਦਰ ਸਿੰਘ ਜੈਸਨ ਧਾਰੜ, ਮਹਿੰਦਰ ਸਿੰਘ ਛੱਜਲਵੱਡੀ ਚੇਅਰਮੈਨ, ਆੜਤੀ ਐਸੋਸੀਏਸ਼ਨ ਦੇ ਪ੍ਰਧਾਨ ਸੁਰਜੀਤ ਸਿੰਘ ਕੰਗ, ਨਵਤੇਜ ਸਿੰਘ ਬਿੱਟੂ ਮੱਲੀ ਟਰਾਂਸਪੋਰਟ, ਸਰਬਜੀਤ ਸਿੰਘ ਡਿੱਪੀ, ਮਨਜਿੰਦਰ ਸਿੰਘ ਸਰਜਾ ਅਤੇ ਹੋਰਾਂ ਨੇ ਯੋਗਦਾਨ ਪਾਇਆ। ਸਰਸਵਤੀ ਹੈਲਥ ਕਲੱਬ ਦੇ ਪ੍ਰਧਾਨ ਵਰਿੰਦਰ ਸੂਰੀ ਵਲੋਂ ਹਰ ਸਾਲ ਕਰਾਈ ਜਾਂਦੀ ਸੀਨੀਅਰ ਮਿਸਟਰ ਪੰਜਾਬ ਚੈਂਪੀਅਨਸਸ਼ਿਪ ਲਈ ਖਿਡਾਰੀਆਂ ਅਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕਲੱਬ ਦੇ ਪ੍ਰਧਾਨ ਵਰਿੰਦਰ ਸੂਰੀ, ਪ੍ਰਦੀਪ ਸੂਰੀ, ਮੋਤੀ ਸੂਰੀ, ਵਿੱਕੀ, ਵਿੰਗ, ਡਿੰਪਲ, ਡਾਕਟਰ ਕੁਲਦੀਪ ਸਿੰਘ ਪਸਾਹਨ, ਗੋਪੀ ਵਿਰਕ, ਸੁਖਚੈਨ ਸਿੰਘ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ਼੍ਰੋਮਣੀ ਕਮੇਟੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਤੋਂ ਪਾਸਪੋਰਟ ਮੰਗੇ



**ਅੰਮ੍ਰਿਤਸਰ, 5 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਜੂਨ 2024 ਵਿਚ ਪਾਕਿਸਤਾਨ ਭੇਜੇ ਜਾਣ ਵਾਲੇ ਜਥੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸ਼ਰਧਾਲੂਆਂ ਪਾਸੋਂ ਪਾਸਪੋਰਟਾਂ ਦੀ ਮੰਗ ਕੀਤੀ ਹੈ। ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ 25 ਮਾਰਚ 2024 ਤੱਕ ਸ਼੍ਰੋਮਣੀ ਕਮੇਟੀ ਦਫ਼ਤਰ ਦੇ ਯਾਤਰਾ ਵਿਭਾਗ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਪਾਕਿਸਤਾਨ ਵਿਖੇ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਵੀ ਜੂਨ ਮਹੀਨੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਿਆ ਜਾਵੇਗਾ। ਜਥੇ ਵਿਚ ਜਾਣ ਦੇ ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਦੀ ਸਿਫਾਰਸ਼ ਸਹਿਤ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਜਮ੍ਹਾਂ ਕਰਵਾਉਣ। ਪਾਸਪੋਰਟ ਦੇ ਨਾਲ ਪਛਾਣ ਪੱਤਰ ਵਜੋਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ ਵੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸ਼ਰਧਾਲੂ ਆਪਣੇ ਪਾਸਪੋਰਟ ਸਮੇਂ ਸਿਰ ਜਮ੍ਹਾਂ ਕਰਵਾਉਣ ਤਾਂ ਜੋ ਅਗਲੀ ਕਾਰਵਾਈ ਲਈ ਸਰਕਾਰ ਨੂੰ ਭੇਜੇ ਜਾ ਸਕਣ।

# ਐਡਵੋਕੇਟ ਧਾਮੀ ਨੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵੱਲੋਂ ਸ਼੍ਰੋਮਣੀ ਅਕਾਲੀ ਦਲ 'ਚ ਰਲੇਵੇਂ ਦਾ ਕੀਤਾ ਸਵਾਗਤ



**ਅੰਮ੍ਰਿਤਸਰ, 5 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸ. ਸੁਖਦੇਵ ਸਿੰਘ ਢੀਂਡਸਾ ਵੱਲੋਂ ਆਪਣੀ ਪਾਰਟੀ ਦਾ ਰਲੇਵਾਂ ਸ਼੍ਰੋਮਣੀ ਅਕਾਲੀ ਦਲ ਨਾਲ ਕਰਨ ਦਾ ਸਵਾਗਤ ਕੀਤਾ ਹੈ। ਐਡੋਵੇਕੇਟ ਧਾਮੀ ਨੇ ਅਕਾਲੀ ਸੋਚ ਵਾਲੇ ਹੋਰ ਆਗੂਆਂ ਨੂੰ ਵੀ ਅਪੀਲ ਕੀਤੀ ਹੈ ਕਿ ਪੰਥਕ ਰਾਜਨੀਤੀ ਅਤੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਉਹ ਵੀ ਸ਼੍ਰੋਮਣੀ ਅਕਾਲੀ ਦਲ ਦੇ ਇੱਕ ਝੰਡੇ ਥੱਲੇ ਇੱਕਜੁੱਟ ਹੋਣ ਐਡੋਵੇਕੇਟ ਧਾਮੀ ਨੇ ਸਮੁੱਖੀ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨੂੰ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਦੇ ਭਲੇ ਲਈ ਮਜਬੂਤ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇਸ ਖਿੱਤੇ ਦੀ ਉਹ ਰਾਜਸੀ ਧਿਰ ਹੈ ਜਿਸ ਦੀ ਸਥਾਪਨਾ ਖਿੱਤੇ ਦੀਆਂ ਲੋੜਾਂ, ਸਮੱਸਿਆਵਾਂ ਅਤੇ ਹੱਕਾਂ ਹਕੂਕਾਂ ਦੀ ਰਾਖੀ ਲਈ ਹੋਈ ਸੀ। ਉਨ੍ਹਾਂ ਆਖਿਆ ਕਿ ਕੌਮ ਦੇ ਆਗੂਆਂ ਵੱਲੋਂ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਤੋਂ ਤੁਰੰਤ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕਰਨਾ ਇੱਕ ਅਜਿਹੇ ਸੰਗਠਨ ਦੀ ਲੋੜ ਨੂੰ ਪੂਰਾ ਕਰਨ ਵਜੋਂ ਹੋਇਆ ਜਿਸ ਵਿੱਚ ਪੰਜਾਬੀ ਲੋਕਾਂ ਦੇ ਹੱਕ ਹਕੂਕ ਅਤੇ ਧਾਰਮਿਕ ਤੇ ਰਾਜਸੀ ਸਰੋਕਾਰ ਸੁਰੱਖਿਅਤ ਸਨ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ 100 ਸਾਲ ਦੇ ਇਤਿਹਾਸ ਦੇ ਅੰਦਰ ਖਿੱਤੇ ਦੀ ਨੁੰਮਾਇਦਿਗੀ ਕੀਤੀ ਅਤੇ ਆਪਣੀ ਸਥਾਪਨਾ ਦੇ ਮਨੋਰਥ ਅਨੁਸਾਰ ਕਾਰਜ ਕੀਤੇ। ਅੱਜ ਵੱਡੀ ਲੋੜ ਹੈ ਕਿ ਪੰਜਾਬੀਆਂ ਦੀ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕੀਤਾ ਜਾਵੇ ਅਤੇ ਬੀਤੇ ਵਿੱਚ ਕਿਸੇ ਵੀ ਕਾਰਨ ਕਰਕੇ ਦੂਰ ਚਲੇ ਗਏ ਪੰਥਕ ਆਗੂਆਂ ਨੂੰ ਇਸ ਉੱਤੇ ਹੋਰ ਵੀ ਪੁਖਤਗੀ ਅਤੇ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਚਲਾ ਰਹੇ ਲੋਕਾਂ ਵੱਲੋਂ ਆਪਣੇ ਦਿੱਲੀ ਦੇ ਆਕਾਵਾਂ ਨੂੰ ਖੁਸ਼ ਕਰਨ ਦੀ ਪ੍ਰਵਿਰਤੀ ਖਿੱਤੇ ਨੂੰ ਡੂੰਘੀਆਂ ਨੀਵਾਣਾਂ ਵੱਲ ਲਿਜਾ ਰਹੀ ਹੈ ਅਤੇ ਜੇਕਰ ਪੰਜਾਬ ਦੀ ਆਪਣੀ ਧਿਰ ਸ਼੍ਰੋਮਣੀ ਅਕਾਲੀ ਦਲ ਮਜਬੂਤ ਹੋਵੇਗੀ ਤਾਂ ਪੰਜਾਬ ਦੇ ਸਰੋਕਾਰ ਸੁਰੱਖਿਅਤ ਰਹਿਣਗੇ। ਉਨ੍ਹਾਂ ਅਪੀਲ ਕੀਤੀ ਕਿ ਹਰ ਅਕਾਲੀ ਸੋਚ ਰੱਖਣ ਵਾਲਾ ਆਗੂ, ਵਰਕਰ ਅਤੇ ਵੋਟਰ ਮੌਜੂਦਾ ਸਮੇਂ ਦੇ ਮੱਦੇਨਜ਼ਰ ਪੰਥਕ ਰਾਜਨੀਤੀ ਦੇ ਉਭਾਰ ਲਈ ਸ਼੍ਰੋਮਣੀ ਅਕਾਲੀ ਦਲ ਦੇ ਇੱਕ ਝੰਡੇ ਥੱਲੇ ਇਕੱਠਾ ਹੋਵੇ।